ROZANA SAVERA

# ਰੋਜ਼ਾਨਾ ਸਵੇਰਾ

THURSDAY, 15 JUNE 2023 · Year's : 2nd , Issue : 6 · Editor: Ramanpreet Singh · Price: 5.00/- · Pages: 8 · PUNJABI · Bathinda ( Monthly) RNI T.Code: PUNPUN04267

## ਮਨੀਪੁਰ 'ਚ ਅਤਿਵਾਦੀਆਂ ਨੇ ਪਿੰਡ ਘੇਰ ਕੇ 11 ਵਿਅਕਤੀਆਂ ਦੀ ਹੱਤਿਆ ਕੀਤੀ, 23 ਜ਼ਖ਼ਮੀ



**ਇੰਫਾਲ,**
**-ਰੋਜ਼ਾਨਾ ਸਵੇਰਾ-**
ਮਨੀਪੁਰ ਵਿਚ ਨਸਲੀ ਹਿੰਸਾ ਵਾਲੇ ਖਾਮੇਨਲੋਕ ਖੇਤਰ ਦੇ ਪਿੰਡ ਵਿਚ ਮਸ਼ਕੂਕ ਅਤਿਵਾਦੀਆਂ ਦੇ ਹਮਲੇ ਵਿਚ 11 ਵਿਅਕਤੀਆਂ ਦੀ ਮੌਤ ਹੋ ਗਈ ਅਤੇ 23 ਜ਼ਖਮੀ ਹੋ ਗਏ। ਪੁਲੀਸ ਨੇ ਦੱਸਿਆ ਕਿ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਅਤਿਵਾਦੀਆਂ ਨੇ ਅੱਜ ਤੜਕੇ ਇਕ ਵਜੇ ਇੰਫਾਲ ਪੂਰਬੀ ਜ਼ਿਲ੍ਹੇ ਅਤੇ ਕਾਂਗਪੋਕੀ ਜ਼ਿਲ੍ਹੇ ਦੀ ਸਰਹੱਦ ਨਾਲ ਲੱਗਦੇ ਖਮੇਨਲੋਕ ਖੇਤਰ ਦੇ ਪਿੰਡ ਵਾਸੀਆਂ ਨੂੰ ਘੇਰ ਲਿਆ ਤੇ ਅੰਨ੍ਹਵਾਹ ਗੋਲੀਆਂ ਚਲਾ ਕੇ ਹੱਤਿਆਵਾਂ ਕਰ ਦਿੱਤੀਆਂ। ਗੋਲੀਬਾਰੀ 'ਚ 9 ਵਿਅਕਤੀਆਂ ਦੀ ਮੌਤ ਮੌਕੇ 'ਤੇ ਹੀ ਹੋ ਗਈ ਜਦ ਕਿ 25 ਜ਼ਖ਼ਮੀਆਂ ਵਿੱਚੋਂ 2 ਨੇ ਹਸਪਤਾਲ ਵਿੱਚ ਦਮ ਤੋੜਿਆ।

## ਰਸਾਇਣ ਨਾਲ ਭਰੇ ਇਕ ਟੈਂਕਰ 'ਚ ਅੱਗ ਲੱਗਣ ਕਾਰਨ 4 ਲੋਕਾਂ ਦੀ ਮੌਤ; 3 ਜ਼ਖ਼ਮੀ

**ਪੁਣੇ,**
**-ਰੋਜ਼ਾਨਾ ਸਵੇਰਾ-**
ਪੁਣੇ-ਮੁੰਬਈ ਐਕਸਪ੍ਰੈੱਸ ਵੇਅ 'ਤੇ ਮੰਗਲਵਾਰ ਨੂੰ ਰਸਾਇਣ ਨਾਲ ਭਰੇ ਇਕ ਟੈਂਕਰ ਦੇ ਹਾਦਸਾਗ੍ਰਸਤ ਹੋਣ ਨਾਲ ਉਸ ਵਿਚ ਅੱਗ ਲੱਗ ਗਈ ਜਿਸ ਦੀ ਲਪੇਟ ਵਿਚ ਆਉਣ ਨਾਲ 4 ਲੋਕਾਂ ਦੀ ਮੌਤ ਹੋ ਗਈ। ਉੱਥੇ ਹੀ 3 ਲੋਕ ਜ਼ਖ਼ਮੀ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਹਾਦਸੇ ਤੋਂ ਬਾਅਦ ਸੜਕ 'ਤੇ ਵਾਹਨਾਂ ਦੀ ਭੀੜ ਲੱਗ ਗਈ, ਜਿਸ ਨੂੰ ਕੁੱਝ ਘੰਟਿਆਂ ਵਿਚ ਹਟਾ ਦਿੱਤਾ ਗਿਆ। ਇਕ ਅਧਿਕਾਰੀ ਨੇ ਦੱਸਿਆ ਕਿ ਘਟਨਾ ਲੋਨਾਵਲਾ ਤੇ ਖੰਡਾਲਾ ਵਿਚਾਲੇ ਵਾਪਰੀ।

ਉਨ੍ਹਾਂ ਦੱਸਿਆ ਕਿ ਹਾਦਸਾ ਹੋਣ ਤੋਂ ਬਾਅਦ ਟੈਂਕਰ ਵਿਚ ਅੱਗ ਲੱਗ ਗਈ ਤੇ ਰਸਾਇਣ ਵਿਚ ਧਮਾਕਾ ਹੋਣ ਨਾਲ ਨਿਕਲੇ ਅੱਗ ਦੇ ਅੰਗਿਆਰੇ ਸੜਕ 'ਤੇ ਚੱਲ ਰਹੇ ਵਾਹਨਾਂ 'ਤੇ ਡਿੱਗਣ ਲੱਗੇ।

ਘਟਨਾ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਲੋਨਾਵਲਾ ਥਾਣੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸੜਕ 'ਤੇ ਚੱਲ ਰਹੇ 4 ਵਾਹਨ ਚਾਲਕ ਇਸ ਘਟਨਾ ਵਿਚ ਜ਼ਖ਼ਮੀ ਹੋ ਗਏ ਜਿਨ੍ਹਾਂ 'ਚੋਂ 3 ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਟੈਂਕਰ ਵਿਚ ਸਵਾਰ ਇਕ ਵਿਅਕਤੀ ਦੀ ਮੌਤ ਹੋ ਗਈ, ਜਦਕਿ 2 ਹੋਰ ਜ਼ਖ਼ਮੀ ਹੋ ਗਏ।

## ਈਡੀ ਨੇ ਤਾਮਿਲਨਾਡੂ ਦੇ ਮੰਤਰੀ ਬਾਲਾਜੀ ਨੂੰ ਗ੍ਰਿਫ਼ਤਾਰ ਕੀਤਾ, ਸਿਹਤ ਵਿਗੜਨ ਕਾਰਨ ਹਸਪਤਾਲ 'ਚ ਦਾਖਲ



**ਚੇਨਈ,**
**-ਰੋਜ਼ਾਨਾ ਸਵੇਰਾ-**
ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੱਜ ਤਾਮਿਲਨਾਡੂ ਦੇ ਮੰਤਰੀ ਵੀ. ਸੇਂਥਿਲ ਬਾਲਾਜੀ ਨੂੰ ਕਾਲਾ ਧਨ ਸਫ਼ੈਦ ਕਰਨ ਤੋਂ ਰੋਕਣ ਵਾਲੇ ਕਾਨੂੰਨ (ਪੀਐੱਮਐੱਲਏ) ਦੇ ਤਹਿਤ ਗ੍ਰਿਫ਼ਤਾਰ ਕੀਤਾ ਹੈ। ਬਾਲਾਜੀ ਤਾਮਿਲਨਾਡੂ ਵਿੱਚ ਮੁੱਖ ਮੰਤਰੀ ਐੱਮਕੇ ਸਟਾਲਿਨ ਦੀ ਅਗਵਾਈ ਵਾਲੀ ਸਰਕਾਰ ਵਿੱਚ ਪਹਿਲੇ ਮੰਤਰੀ ਹਨ, ਜਿਨ੍ਹਾਂ ਨੂੰ ਕੇਂਦਰੀ ਏਜੰਸੀ ਤੋਂ ਅਜਿਹੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਹੈ। ਸੂਤਰਾਂ ਨੇ ਦੱਸਿਆ ਕਿ ਲੰਬੇ ਸਮੇਂ ਤੱਕ ਪੁੱਛ ਪੜਤਾਲ ਬਾਅਦ ਬਾਲਾਜੀ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਪਹਿਲਾਂ ਮੰਤਰੀ ਨੂੰ ਬੇਚੈਨੀ ਦੀ ਸ਼ਿਕਾਇਤ ਤੋਂ ਬਾਅਦ ਸ਼ਹਿਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇਸ ਦੌਰਾਨ ਬਾਲਾਜੀ ਦਾ ਹਸਪਤਾਲ 'ਚ 'ਕੋਰੋਨਰੀ ਐਂਜੀਓਗਰਾਮ' ਕਰਵਾਇਆ ਗਿਆ। ਡਾਕਟਰਾਂ ਨੇ ਉਸ ਨੂੰ ਜਲਦੀ ਤੋਂ ਜਲਦੀ ਬਾਈਪਾਸ ਸਰਜਰੀ ਕਰਵਾਉਣ ਦੀ ਸਲਾਹ ਦਿੱਤੀ ਹੈ।ਉਸ ਨੂੰ ਦਿਨ ਵਿੱਚ ਅਦਾਲਤ 'ਚ ਪੇਸ਼ ਕੀਤਾ ਜਾ ਸਕਦਾ ਹੈ, ਜਿਥੇ ਏਜੰਸੀ ਉਸ ਦਾ ਰਿਮਾਂਡ ਮੰਗੇਗੀ। ਇਸ ਦੌਰਾਨ ਮੁੱਖ ਮੰਤਰੀ ਹਸਪਤਾਲ 'ਚ ਬਾਲਾਜੀ ਦਾ ਹਾਲ ਪੁੱਛਣ ਪੁੱਜੇ।

### ਕੇਂਦਰ ਦੀ ਬਦਲਾਖ਼ੋਰੀ ਦੀ ਸਿਆਸਤ ਪਰ ਵਿਰੋਧੀ ਧਿਰ ਝੁਕੇਗੀ ਨਹੀਂ: ਖੜਗੇ



**ਨਵੀਂ ਦਿੱਲੀ**
**-ਰੋਜ਼ਾਨਾ ਸਵੇਰਾ-**
ਤਾਮਿਲਨਾਡੂ ਦੇ ਬਿਜਲੀ ਮੰਤਰੀ ਵੀ. ਸੇਂਥਿਲ ਬਾਲਾਜੀ ਨੂੰ ਗ੍ਰਿਫ਼ਤਾਰ ਕਰਨ ਦੇ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਕਦਮ ਨੂੰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸਰਕਾਰ ਵੱਲੋਂ 'ਪੀੜਤ ਕਰਨ ਅਤੇ ਬਦਲਾਖੋਰੀ ਦੀ ਰਾਜਨੀਤੀ' ਕਰਾਰ ਦਿੰਦਿਆਂ ਕਿਹਾ ਕਿ ਵਿਰੋਧੀ ਪਾਰਟੀ ਅਜਿਹੀਆਂ ਕਾਰਵਾਈਆਂ ਅੱਗੇ ਝੁਕਣ ਵਾਲੀਆਂ ਨਹੀਂ।

## ਭਾਜਪਾ ਪੰਜਾਬ 'ਚ ਸਾਰੀਆਂ 13 ਸੀਟਾਂ 'ਤੇ ਇਕੱਲਿਆਂ ਹੀ ਚੋਣ ਲੜੇਗੀ : ਨੱਢਾ



**ਹੁਸ਼ਿਆਰਪੁਰ,**
**ਰੋਜ਼ਾਨਾ ਸਵੇਰਾ-**
ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਅੱਜ ਹੁਸ਼ਿਆਰਪੁਰ ਪੁੱਜੇ। ਇਥੇ ਉਨ੍ਹਾਂ ਨੇ ਕੇਂਦਰ ਵਿੱਚ ਭਾਜਪਾ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ ਸ਼ਕਤੀ ਪ੍ਰਦਰਸ਼ਨ ਵਜੋਂ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕੀਤਾ। ਇਸ ਦੌਰਾਨ ਨੱਡਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੂੰ ਪੰਜਾਬ ਹਿਤੈਸ਼ੀ ਦੱਸਿਆ। ਕੇਂਦਰੀ ਮੰਤਰੀ ਜੇਪੀ ਨੱਡਾ ਨੇ ਕਿਹਾ ਕਿ ਸਿੱਖ ਕੌਮ 'ਤੇ ਅੱਤਿਆਚਾਰ ਕਰਨ ਵਾਲਿਆਂ ਨੂੰ ਜੇਲ੍ਹ 'ਚ ਡੱਕਣਾ ਹੋਵੇ, ਕਰਤਾਰਪੁਰ ਲਾਂਘਾ ਖੋਲ੍ਹਣਾ ਹੋਵੇ ਜਾਂ ਲੰਗਰ 'ਤੇ ਟੈਕਸ ਹਟਾਉਣਾ ਹੋਵੇ, ਸਭ ਕੁਝ ਕੇਂਦਰ ਦੀ ਮੋਦੀ ਸਰਕਾਰ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਫਸੇ ਭਾਰਤੀ ਨੌਜਵਾਨਾਂ ਅਤੇ ਹੋਰ ਲੋਕਾਂ ਨੂੰ ਸੁਰੱਖਿਅਤ ਭਾਰਤ ਵਾਪਸ ਲਿਆਂਦਾ ਜਾਣਾ ਚਾਹੀਦਾ ਹੈ। ਇਸ ਦੌਰਾਨ ਨੱਡਾ ਨੇ ਭਾਰਤ 'ਚ ਐਮਰਜੈਂਸੀ ਲਗਾਉਣ ਲਈ ਕਾਂਗਰਸ ਸਰਕਾਰ 'ਤੇ ਵੀ ਵਰ੍ਹਿਆ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ 'ਚ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਪ੍ਰਧਾਨ ਮੰਤਰੀ ਭਾਰਤ ਨੂੰ ਸਨਮਾਨ ਦੀ ਨਜ਼ਰ ਨਾਲ ਵੇਖਦੇ ਹਨ।

ਕੇਂਦਰ ਸਰਕਾਰ ਦੇ 9 ਸਾਲ ਪੂਰੇ ਹੋਣ 'ਤੇ ਹਰ ਸੂਬੇ 'ਚ ਪ੍ਰੋਗਰਾਮ ਆਯੋਜਿਤ ਕਰਕੇ ਭਾਜਪਾ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਯੋਜਨਾਵਾਂ ਗਿਣਵਾਉਂਦੇ ਹੋਏ ਉਨ੍ਹਾਂ ਨੂੰ ਹਰ ਘਰ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੇ ਲਈ ਸਾਰੇ ਰਾਜਾਂ ਵਿੱਚ ਕਲੱਸਟਰ ਬਣਾਏ ਗਏ ਹਨ। ਇਨ੍ਹਾਂ ਵਿੱਚ ਸਥਾਨਕ ਆਗੂਆਂ ਸਮੇਤ 3-4 ਕੇਂਦਰੀ ਮੰਤਰੀ ਵੀ ਸ਼ਾਮਲ ਹਨ। ਦਰਅਸਲ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਭਾਜਪਾ ਵੱਲੋਂ ਪਹਿਲਾਂ ਹੀ ਜਨ ਸੰਪਰਕ ਸ਼ੁਰੂ ਕਰ ਦਿੱਤਾ ਗਿਆ ਹੈ।

**ਪੰਜਾਬ ਕਲੱਸਟਰ ਵਿੱਚ ਕੇਂਦਰੀ ਮੰਤਰੀ**

ਪੰਜਾਬ ਵਿੱਚ 4 ਕਲੱਸਟਰ ਬਣਾਏ ਗਏ ਹਨ। ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ, ਮਨਸੁਖ ਮਾਂਡਵੀਆ ਅਤੇ ਅਰਜੁਨ ਮੇਘਵਾਲ ਇਸ ਕਲੱਸਟਰ ਵਿੱਚ ਸ਼ਾਮਲ ਹਨ। ਭਾਜਪਾ ਦਾ ਮੰਨਣਾ ਹੈ ਕਿ ਨਵਭਾਰਤ ਦੀ ਵਿਕਾਸ ਯਾਤਰਾ ਦੇ ਰੂਪ 'ਚ 9 ਸਾਲ ਪੂਰੇ ਹੋ ਗਏ ਹਨ।

**ਭਾਜਪਾ 13 ਲੋਕ ਸਭਾ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰੇਗੀ**

ਇਸ ਵਾਰ ਭਾਜਪਾ ਪਹਿਲੀ ਵਾਰ ਪੰਜਾਬ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਤੋਂ ਬਿਨਾਂ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰੇਗੀ। ਪੰਜਾਬ ਭਾਜਪਾ ਸਾਰੀਆਂ 13 ਸੀਟਾਂ 'ਤੇ ਇਕੱਲਿਆਂ ਹੀ ਚੋਣ ਲੜਨ ਦੀ ਤਿਆਰੀ ਕਰ ਰਹੀ ਹੈ। ਜਦਕਿ ਪਹਿਲਾਂ ਭਾਜਪਾ ਨੇ ਅਕਾਲੀ ਦਲ ਨਾਲ ਗਠਜੋੜ ਕਰਕੇ ਉਮੀਦਵਾਰ ਖੜ੍ਹੇ ਕੀਤੇ ਸਨ। ਇਹੀ ਕਾਰਨ ਹੈ ਕਿ ਇਸ ਵਾਰ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਪਹਿਲਾਂ ਹੀ ਵੱਖ-ਵੱਖ ਮਾਧਿਅਮਾਂ ਰਾਹੀਂ ਜਨ-ਸੰਪਰਕ ਕਰਨ ਵਿਚ ਜੋਰ-ਸ਼ੋਰ ਨਾਲ ਲੱਗੀ ਹੋਈ ਹੈ। ਇਸ ਦੇ ਲਈ ਘਰ-ਘਰ ਜਾ ਕੇ ਪ੍ਰਾਪਤੀਆਂ ਗਿਣਨ ਲਈ ਰੈਲੀ, ਪਾਵਰ ਸ਼ੋਅ, ਡਿਜੀਟਲ, ਵਰਚੁਅਲ ਅਤੇ ਸੋਸ਼ਲ ਮੀਡੀਆ ਸਮੇਤ ਸਾਰੇ ਪਲੇਟਫਾਰਮਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

**ਇਹ ਮੁਹਿੰਮ 30 ਜੂਨ ਤੱਕ ਚਲਾਈ ਜਾਵੇਗੀ**

ਕੇਂਦਰ ਸਰਕਾਰ ਦੇ ਪਿਛਲੇ 9 ਸਾਲਾਂ ਦੇ ਵਿਕਾਸ, ਯੋਜਨਾਵਾਂ ਅਤੇ ਪ੍ਰਾਪਤੀਆਂ ਗਿਣਵਾਉਣ ਲਈ ਭਾਜਪਾ ਵੱਲੋਂ ਇਹ ਮੁਹਿੰਮ 31 ਮਈ ਤੋਂ ਸ਼ੁਰੂ ਕੀਤੀ ਗਈ ਸੀ ਅਤੇ 30 ਜੂਨ ਤੱਕ ਜਾਰੀ ਰਹੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਜਮੇਰ (ਰਾਜਸਥਾਨ) ਵਿੱਚ ਇਕ ਵਿਸ਼ਾਲ ਰੈਲੀ ਨਾਲ ਇਸ ਵਿਸ਼ਾਲ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।

## ਗਿਲਕੋ ਗਰੁੱਪ ਨੇ 500 ਖਰੀਦਦਾਰਾਂ ਨੂੰ ਲਗਜ਼ਰੀ ਅਪਾਰਟਮੈਂਟ ਸੌਂਪੇ




**ਮੋਹਾਲੀ,**
**-ਰੋਜ਼ਾਨਾ ਸਵੇਰਾ-**
ਰੀਅਲ ਅਸਟੇਟ ਡਿਵੈਲਪਰ ਗਿਲਕੋ ਗਰੁੱਪ ਨੇ ਆਪਣੇ ਲਗਜ਼ਰੀ ਪ੍ਰੋਜੈਕਟ ਗਿਲਕੋ ਪਾਰਕਹਿਲਜ਼ ਦੇ 500 ਯੂਨਿਟ ਖਰੀਦਦਾਰਾਂ ਸੌਂਪੇ ਹਨ। ਸੈਕਟਰ 126, ਏਅਰਪੋਰਟ ਰੋਡ, ਮੋਹਾਲੀ ਵਿਖੇ ਗਿਲਕੋ ਪਾਰਕਹਿਲਜ਼ 2, 3 ਅਤੇ 4 ਬੀਐੱਚਕੇ ਅਪਾਰਟਮੈਂਟਸ ਦੀ ਰੇਂਜ ਦੇ ਨਾਲ ਇੱਕ ਵਿਲੱਖਣ ਰਿਹਾਇਸ਼ ਦਾ ਅਨੁਭਵ ਪ੍ਰਦਾਨ ਕਰਦਾ ਹੈ।

ਗਿਲਕੋ ਪਾਰਕਹਿਲਜ਼ ਖਰੀਦਦਾਰਾਂ ਨੂੰ ਇੱਕ ਸ਼ਾਨਦਾਰ ਜੀਵਨ ਸ਼ੈਲੀ ਦੀ ਪੇਸ਼ਕਸ਼ ਕਰਦਾ ਹੈ। 1 ਕਿਲੋਮੀਟਰ ਲੰਬੇ ਫਰੰਟੇਜ ਅਤੇ ਸਟਿਲਟ+19 ਫਲੋਰ ਬਣਤਰ ਦੇ ਨਾਲ, ਪ੍ਰੋਜੈਕਟ ਵਧੀਆ ਦ੍ਰਿਸ਼ ਪੇਸ਼ ਕਰਦਾ ਹੈ।

ਚੰਡੀਗੜ੍ਹ ਨਾਲ ਇਸਦੀ ਨੇੜਤਾ ਅਤੇ ਦੋ ਪ੍ਰਮੁੱਖ ਹਾਈਵੇਅ ਨਾਲ ਸੰਪਰਕ ਇਸ ਨੂੰ ਆਸਾਨੀ ਨਾਲ ਪਹੁੰਚਯੋਗ ਬਣਾਉਂਦਾ ਹੈ। ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗਿਲਕੋ ਪਾਰਕਹਿਲਜ਼ 15 ਮਿੰਟਾਂ ਦੇ ਅੰਦਰ ਪਹੁੰਚਿਆ ਜਾ ਸਕਦਾ ਹੈ, ਜਿਸ ਨਾਲ ਇਹ ਪ੍ਰੋਜੈਕਟ ਪੇਸ਼ੇਵਰਾਂ ਅਤੇ ਅਕਸਰ ਯਾਤਰੀਆਂ ਲਈ ਇੱਕ ਆਦਰਸ਼ ਵਿਕਲਪ ਬਣ ਜਾਂਦਾ ਹੈ।

ਤੇਜਪ੍ਰੀਤ ਸਿੰਘ ਗਿੱਲ, ਮੈਨੇਜਿੰਗ ਡਾਇਰੈਕਟਰ, ਗਿਲਕੋ ਗਰੁੱਪ ਨੇ ਕਿਹਾ, ਅਸੀਂ ਗਿਲਕੋ ਪਾਰਕਹਿਲਜ਼ ਵਿਖੇ 500 ਯੂਨਿਟਾਂ ਦੇ ਸੌਂਪਣ ਦਾ ਐਲਾਨ ਕਰਦੇ ਹੋਏ ਬਹੁਤ ਖੁਸ਼ ਹਾਂ। ਸਹੂਲਤ ਅਤੇ ਸ਼ਾਂਤੀ, ਸਾਨੂੰ ਭਰੋਸਾ ਹੈ ਕਿ ਵਸਨੀਕਾਂ ਨੂੰ ਇੱਕ ਸੱਚਮੁੱਚ ਬੇਮਿਸਾਲ ਰਹਿਣ ਦਾ ਅਨੁਭਵ ਮਿਲੇਗਾ।

ਗਿਲਕੋ ਡਿਵੈਲਪਰਸ ਦਾ ਉੱਚ ਗੁਣਵੱਤਾ ਵਾਲੇ ਪ੍ਰੋਜੈਕਟਾਂ ਨੂੰ ਪੂਰਾ ਕਰਨ ਦਾ ਇੱਕ ਸ਼ਾਨਦਾਰ ਟਰੈਕ ਰਿਕਾਰਡ ਹੈ ਅਤੇ ਗਿਲਕੋ ਪਾਰਕਹਿਲਜ਼ ਇਸਦਾ ਇੱਕ ਉਦਾਹਰਣ ਹੈ। ਪ੍ਰੋਜੈਕਟ ਦੀਆਂ 700 ਲਗਜ਼ਰੀ ਰਿਹਾਇਸ਼ੀ ਇਕਾਈਆਂ ਗਿਲਕੋ ਡਿਵੈਲਪਰਾਂ ਦੀ ਉੱਤਮਤਾ ਅਤੇ ਗਾਹਕਾਂ ਦੀ ਸੰਤੁਸ਼ਟੀ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

## ਨਾਇਜੀਰੀਆ 'ਚ ਕਿਸ਼ਤੀ ਪਲਟਣ ਕਾਰਨ 103 ਵਿਅਕਤੀਆਂ ਦੀ ਮੌਤ, 100 ਦੇ ਕਰੀਬ ਲਾਪਤਾ

**ਅਬੂਜਾ (ਨਾਇਜੀਰੀਆ),**
**-ਰੋਜ਼ਾਨਾ ਸਵੇਰਾ-**
ਉੱਤਰੀ ਨਾਇਜੀਰੀਆ ਵਿੱਚ ਕਿਸ਼ਤੀ ਪਲਟਣ ਕਾਰਨ ਬੱਚਿਆਂ ਸਮੇਤ ਘੱਟੋ-ਘੱਟ 103 ਵਿਅਕਤੀਆਂ ਦੀ ਮੌਤ ਹੋ ਗਈ। ਇਹ ਸਾਰੇ ਵਿਆਹ ਤੋਂ ਵਾਪਸ ਆ ਰਹੇ ਸਨ। ਕਵਾਰਾ ਰਾਜ ਦੇ ਪਟੇਗੀ ਜ਼ਿਲ੍ਹੇ 'ਚ ਨਾਇਜਰ ਨਦੀ 'ਚ ਸੋਮਵਾਰ ਤੜਕੇ ਕਿਸ਼ਤੀ ਹਾਦਸਾਗ੍ਰਸਤ ਹੋ ਗਈ। ਵੱਡੀ ਗਿਣਤੀ ਲੋਕ ਹਾਲੇ ਵੀ ਲਾਪਤਾ ਹਨ ਅਤੇ ਸਥਾਨਕ ਲੋਕ ਅਤੇ ਪੁਲੀਸ ਉਨ੍ਹਾਂ ਦੀ ਭਾਲ ਕਰ ਰਹੀ ਹੈ। ਹੁਣ ਤੱਕ 100 ਵਿਅਕਤੀਆਂ ਨੂੰ ਬਚਾਇਆ ਜਾ ਚੁੱਕਾ ਹੈ। ਕਿਸ਼ਤੀ ਵਿੱਚ ਸਮਰੱਥਾ ਤੋਂ ਵੱਧ ਲੋਕ ਸਵਾਰ ਸਨ।

## ਹਰਜੋਤ ਬੈਂਸ ਵੱਲੋਂ ਨੰਗਲ ਫਲਾਈਓਵਰ ਦਾ ਕਾਰਜ 2 ਸ਼ਿਫਟਾਂ 'ਚ ਕਰਨ ਦੇ ਹੁਕਮ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**
ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਅੱਜ ਨੰਗਲ ਫਲਾਈਓਵਰ ਦੀ ਉਸਾਰੀ ਸਬੰਧੀ ਕਾਰਜ ਨੂੰ ਦੋ ਸ਼ਿਫਟਾਂ 'ਚ ਚਲਾਉਣ ਦੇ ਹੁਕਮ ਦਿੱਤੇ ਹਨ। ਹਰਜੋਤ ਬੈਂਸ ਅੱਜ ਇੱਥੇ ਪੰਜਾਬ ਸਿਵਲ ਸਕਤਰੇਤ ਵਿਖੇ ਨੰਗਲ ਫਲਾਈਓਵਰ ਦੀ ਉਸਾਰੀ ਸਬੰਧੀ ਹਫ਼ਤਾਵਾਰੀ ਪ੍ਰਗਤੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਦੌਰਾਨ ਪੰਜਾਬ ਰਾਜ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਵੱਲੋਂ ਨੰਗਲ ਫਲਾਈਓਵਰ ਦੀ ਉਸਾਰੀ ਸਬੰਧੀ ਕੰਪਨੀ ਵੱਲੋਂ ਅਪਣਾਈ ਗਈ ਢਿੱਲੀ-ਮੱਠੀ ਕਾਰਗੁਜ਼ਾਰੀ ਅਤੇ ਅਧਿਕਾਰੀਆਂ ਦੀ ਸਖ਼ਤ ਸ਼ਬਦਾਂ 'ਚ ਨਿਖ਼ੇਧੀ ਕਰਦਿਆਂ ਕੰਪਨੀ ਦੇ ਅਧਿਕਾਰੀਆਂ ਨੂੰ ਤਾੜਨਾ ਕੀਤੀ ਜੇਕਰ ਹੁਣ ਮਿੱਥੀ ਸਮਾਂ ਸੀਮਾ 'ਚ ਫਲਾਈਓਵਰ ਦੀ ਉਸਾਰੀ ਦਾ ਕਾਰਜ ਮੁਕੰਮਲ ਨਹੀਂ ਹੋਇਆ ਤਾਂ ਕੰਪਨੀ ਖ਼ਿਲਾਫ਼ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਕੰਪਨੀ ਨੂੰ ਭਵਿੱਖ ਵਿੱਚ ਕੋਈ ਟੈਂਡਰ ਨਹੀਂ ਦਿੱਤਾ ਜਾਵੇਗਾ।

ਹਰਭਜਨ ਸਿੰਘ ਈ. ਟੀ. ਓ. ਨੇ ਇਸ ਫਲਾਈਓਵਰ ਦੀ ਉਸਾਰੀ ਦੀ ਗੰਭੀਰਤਾ ਨੂੰ ਦੇਖਦੇ ਹੋਏ 23 ਜੂਨ, 2023 ਨੂੰ ਆਪਣੇ ਦਫ਼ਤਰ ਵਿੱਚ ਨੰਗਲ ਫਲਾਈਓਵਰ ਦੀ ਪ੍ਰਗਤੀ ਸਬੰਧੀ ਰੀਵਿਊ ਮੀਟਿੰਗ ਮੁੜ ਰੱਖੀ ਗਈ ਹੈ।

ਕੈਬਨਿਟ ਮੰਤਰੀ ਬੈਂਸ ਨੇ ਮੀਟਿੰਗ 'ਚ ਹਾਜ਼ਰ ਐੱਸ. ਡੀ. ਐੱਮ. ਮਨੀਸ਼ਾ ਰਾਣਾ ਨੂੰ ਨਿਰਦੇਸ਼ ਦਿੱਤੇ ਕਿ ਨੰਗਲ ਸ਼ਹਿਰ ਦੀਆਂ ਸੜਕਾਂ ਦੀ ਮੁਰੰਮਤ ਦੇ ਕਾਰਜ 'ਚ ਵੀ ਤੇਜੀ ਲਿਆਂਦੀ ਜਾਵੇ। ਇਸ ਮੀਟਿੰਗ 'ਚ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ, ਪੀ. ਡਬਲਿਯੂ. ਡੀ. ਅਤੇ ਉਸਾਰੀ ਕੰਪਨੀ ਦੇ ਅਧਿਕਾਰੀ ਹਾਜ਼ਰ ਸਨ।

## ਲਿਵ ਇਨ ਸਬੰਧਾਂ ਤੋਂ ਤੰਗ ਕਪਿਲ ਸ਼ਰਮਾ ਦੇ ਸਾਥੀ ਕਲਾਕਾਰ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਪੀਤਾ ਜ਼ਹਿਰ



**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**
'ਕਾਮੇਡੀ ਸਰਕਸ ਕੇ ਅਜੂਬੇ' 'ਚ ਕਪਿਲ ਸ਼ਰਮਾ ਨਾਲ ਕੰਮ ਕਰਨ ਵਾਲੇ ਅਭਿਨੇਤਾ ਅਤੇ ਕਾਮੇਡੀਅਨ ਤੀਰਥਾਨੰਦ ਰਾਓ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਜ਼ਹਿਰ ਪੀ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ।

ਆਪਣੇ ਅਧਿਕਾਰਤ ਫੇਸਬੁੱਕ ਪੇਜ 'ਤੇ ਲਾਈਵ ਵੀਡੀਓ 'ਚ ਰਾਓ ਨੇ ਦੋਸ਼ ਲਾਇਆ ਕਿ ਉਹ ਇਕ ਔਰਤ ਨਾਲ 'ਲਿਵ-ਇਨ' ਰਿਲੇਸ਼ਨਸ਼ਿਪ 'ਚ ਸੀ ਅਤੇ ਉਹ ਇਸ ਲਈ ਜ਼ਿੰਮੇਵਾਰ ਹੈ। ਉਸ ਨੇ ਦੋਸ਼ ਲਗਾਇਆ ਕਿ ਔਰਤ ਉਸ ਨੂੰ ਭਾਵਨਾਤਮਕ ਤੌਰ 'ਤੇ ਬਲੈਕਮੇਲ ਕਰ ਰਹੀ ਹੈ ਤੇ ਉਸ ਤੋਂ ਜਬਰੀ ਵਸੂਲੀ ਕਰ ਰਹੀ ਹੈ।

ਇਸ ਕਾਰਨ ਉਸ ਦੇ ਸਿਰ 'ਤੇ ਕਰੀਬ 4 ਲੱਖ ਰੁਪਏ ਦਾ ਕਰਜ਼ਾ ਹੈ ਅਤੇ ਉਹ ਔਰਤ ਨੂੰ ਪਿਛਲੇ ਸਾਲ ਅਕਤੂਬਰ ਤੋਂ ਜਾਣਦਾ ਹੈ। ਵੀਡੀਓ ਵਿੱਚ ਤੀਰਥਾਨੰਦ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਰਿਹਾ ਹੈ, 'ਉਸ ਨੇ ਮੇਰੇ ਖਿਲਾਫ ਪੁਲੀਸ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਮੈਨੂੰ ਇਹ ਵੀ ਨਹੀਂ ਪਤਾ ਸੀ ਕਿ ਕਿਸ ਕਾਰਨ ਕਰਕੇ। ਬਾਅਦ ਵਿੱਚ ਉਸ ਨੇ ਮੈਨੂੰ ਫ਼ੋਨ ਕੀਤਾ ਕਿ ਉਹ ਮੈਨੂੰ ਮਿਲਣਾ ਚਾਹੁੰਦੀ ਹੈ।' ਇਸ ਤੋਂ ਬਾਅਦ ਅਭਿਨੇਤਾ ਜ਼ਹਿਰ ਦੀ ਬੋਤਲ ਕੱਢਦੇ ਹੋਏ ਦਿਖਾਈ ਦਿੰਦੇ ਹਨ ਅਤੇ ਉਸ ਨੂੰ ਗਲਾਸ ਵਿੱਚ ਪਾ ਕੇ ਪੀ ਲੈਂਦਾ ਹੈ। ਰਾਓ ਦੀ ਵੀਡੀਓ ਦੇਖ ਕੇ ਉਸ ਦੇ ਦੋਸਤ ਤੁਰੰਤ ਉਸ ਦੇ ਘਰ ਪਹੁੰਚੇ, ਜਿੱਥੇ ਉਹ ਬੇਹੋਸ਼ੀ ਦੀ ਹਾਲਤ 'ਚ ਮਿਲਿਆ। ਉਹ ਪੁਲੀਸ ਨੂੰ ਬੁਲਾ ਕੇ ਉਸਨੂੰ ਹਸਪਤਾਲ ਲੈ ਗਏ।

## ਸਿਵਲ ਡਿਸਪੈਂਸਰੀ ਸਨੌਰ ਵਿਖੇ ਮਲੇਰੀਆ ਤੋਂ ਬਚਾਅ ਸਬੰਧੀ ਲਗਾਇਆ ਜਾਗਰੂਕਤਾ ਕੈਂਪ



ਮਲੇਰੀਆ ਜਾਗਰੂਕਤਾ ਕੈਂਪ ਦੌਰਾਨ ਸੰਬੋਧਨ ਕਰਦੇ ਹੋਏ ਡਾ. ਨਵਦੀਪ ਕੌਰ।

**ਪਟਿਆਲਾ,**
**-ਰੋਜ਼ਾਨਾ ਸਵੇਰਾ-**
ਸਿਵਲ ਸਰਜਨ ਡਾ. ਰਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਐਪੀਡਿਮਾਲੋਜਿਸਟ ਡਾ. ਸੁਮੀਤ ਸਿੰਘ ਦੀ ਅਗਵਾਈ ਅਧੀਨ ਮਲੇਰੀਆ ਤੋਂ ਬਚਾਅ ਸਬੰਧੀ ਮਹੀਨਾ ਜੂਨ ਦੌਰਾਨ ਲਗਾਏ ਜਾ ਰਹੇ ਜਾਗਰੂਕਤਾ ਕੈਂਪਾਂ ਦੀ ਲੜੀ ਵਿੱਚ ਅੱਜ ਸਿਵਲ ਡਿਸਪੈਂਸਰੀ ਸਨੌਰ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਡਾ. ਨਵਦੀਪ ਕੌਰ ਨੇ ਕਿਹਾ ਕਿ ਮੱਛਰਾਂ ਦੇ ਕੱਟਣ ਨਾਲ ਹੋਣ ਵਾਲੀਆ ਬਿਮਾਰੀਆਂ ਮਲੇਰੀਆ, ਡੇਂਗੂ, ਚਿਕਨਗੁਨੀਆਂ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਖੜੇ ਪਾਣੀ ਦੇ ਸਰੋਤਾਂ ਨੂੰ ਖ਼ਤਮ ਕੀਤਾ ਜਾਵੇ। ਉਹਨਾਂ ਸਿਹਤ ਕਰਮੀਆਂ ਨੂੰ ਲੋਕਾਂ ਦੇ ਸਹਿਯੋਗ ਨਾਲ ਪਿੰਡਾਂ/ਮੁਹੱਲਿਆਂ ਵਿੱਚ ਘਰੋਂ ਘਰੀਂ ਖੜੇ ਪਾਣੀ ਦੇ ਸਰੋਤ ਚੈੱਕ ਕਰਨ ਅਤੇ ਮਲੇਰੀਆਂ/ਡੇਂਗੂ ਦੇ ਖ਼ਾਤਮੇ ਲਈ ਰਲ-ਮਿਲ ਕੇ ਹੰਭਲਾ ਮਾਰਨ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਮਲੇਰੀਆ ਇੱਕ ਜਾਨਲੇਵਾ ਬਿਮਾਰੀ ਹੈ ਜੋ ਪਰ ਜੀਵੀਆਂ ਦੁਆਰਾ ਹੁੰਦੀ ਹੈ ਜੋ ਸੰਕਰਮਿਤ ਮਾਦਾ ਐਨੋਫਲੀਜ ਮੱਛਰ ਦੇ ਕੱਟਣ ਨਾਲ ਫੈਲਦੀ ਹੈ ਜੋ ਕਿ ਇਲਾਜ ਯੋਗ ਹੈ। ਉਹਨਾਂ ਕਿਹਾ ਕਿ ਜ਼ਿਲ੍ਹੇ ਵਿੱਚ ਮਲੇਰੀਆ ਦੇ ਸਥਾਨਕ ਪ੍ਰਸਾਰਨ (ਲੋਕਲ ਟਰਾਂਸਮਿਸ਼ਨ) ਦੀ ਮੁੜ ਸਥਾਪਨਾ ਨੂੰ ਰੋਕਣ ਲਈ ਲਗਾਤਾਰ ਉਪਰਾਲੇ ਜਾਰੀ ਹਨ।"ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਮਲੇਰੀਆ ਦੀ ਜਾਂਚ ਅਤੇ ਇਲਾਜ ਬਿਲਕੁਲ ਮੁਫ਼ਤ ਕੀਤੀ ਜਾ ਰਹੀ ਹੈ।

ਸਹਾਇਕ ਮਲੇਰੀਆ ਅਫ਼ਸਰ ਗੁਰਜੰਟ ਸਿੰਘ ਅਤੇ ਐਂਟੋਮਾਲੋਜਿਸਟ ਅੰਮ੍ਰਿਤਪਾਲ ਕੌਰ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਮਲੇਰੀਆ ਦਾ ਲੋਕਲ ਕੇਸ ਨਹੀਂ ਪਾਇਆ ਗਿਆ। ਜਿਸ ਨਾਲ ਅਸੀਂ ਜ਼ਿਲ੍ਹਾ ਪਟਿਆਲਾ ਨੂੰ ਮਲੇਰੀਆ ਐਲੀਮੀਨੇਟ ਕਰਨ ਦਾ ਟੀਚਾ ਪੂਰਾ ਕਰ ਲਿਆ ਹੈ ਅਤੇ ਹੁਣ ਜ਼ਿਲ੍ਹੇ ਵਿੱਚ ਕੰਮ ਕਾਜ ਲਈ ਬਾਹਰੀ ਰਾਜਾਂ ਤੋਂ ਆ ਰਹੀ ਲੇਬਰ ਦੀ ਸਕਰੀਨਿੰਗ ਤੇ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਅੱਗੇ ਲੋਕਲ ਟਰਾਂਸਮਿਸ਼ਨ ਨਾ ਹੋ ਸਕੇ। ਇਸ ਦੇ ਨਾਲ ਹੀ ਮੱਛਰਾਂ ਦੇ ਕੱਟਣ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਡੇਂਗੂ, ਚਿਕਨਗੁਨੀਆਂ ਆਦਿ ਦੀ ਰੋਕਥਾਮ ਲਈ ਮੱਛਰਾਂ ਦੇ ਲਾਰਵਾ ਨੂੰ ਖ਼ਤਮ ਕਰਨ ਲਈ ਤਲਾਬਾ/ਟੋਭਿਆਂ ਵਿੱਚ ਗੰਬੂਜੀਆ ਮਛਲੀ ਛੱਡਣਾ, ਖੜੇ ਪਾਣੀ ਵਿੱਚ ਲਾਰਵਾ ਸਾਈਡਲ ਦਵਾਈ ਦਾ ਸਪਰੇਅ ਕਰਨਾ ਜਾਰੀ ਹੈ।"ਉਨ੍ਹਾਂ ਕਿਹਾ ਕਿ ਪ੍ਰਾਈਵੇਟ ਖੇਤਰ ਵਿੱਚ ਮਲੇਰੀਆ ਕੇਸਾਂ ਦੀ ਨੋਟੀਫ਼ਿਕੇਸ਼ਨ ਨੂੰ ਯਕੀਨੀ ਬਣਾਇਆ ਗਿਆ ਹੈ ਤਾਂ ਜੋ ਕੇਸ ਸਾਹਮਣੇ ਆਉਣ ਤੇ ਵਿਭਾਗ ਵੱਲੋਂ ਸਮੇਂ ਸਿਰ ਬਿਮਾਰੀ ਦੀ ਰੋਕਥਾਮ ਲਈ ਯੋਗ ਉਪਰਾਲੇ ਕੀਤੇ ਜਾ ਸਕਣ। ਇਸ ਮੌਕੇ ਮਲਟੀਪਰਪਜ਼ ਸੁਪਰਵਾਈਜ਼ਰ ਇਕਬਾਲ ਸਿੰਘ, ਐਲ ਐਚ ਵੀ ਸੁਰਿੰਦਰ ਕੌਰ, ਐਮ ਪੀ ਡਬਲਿਊ ਜਸਪ੍ਰੀਤ ਸਿੰਘ, ਕੰਵਲਜੀਤ ਕੌਰ ਅਤੇ ਆਸ਼ਾ ਵਰਕਰ ਆਦਿ ਹਾਜ਼ਰ ਸਨ।

## ਬੀਐੱਸਐੱਫ ਨੇ ਪਾਕਿਸਤਾਨੀ ਡਰੋਨ ਵੱਲੋਂ ਸੁੱਟੀ 2.6 ਕਿਲੋ ਹੈਰੋਇਨ ਬਰਾਮਦ ਕੀਤੀ



**ਫਿਰੋਜ਼ਪੁਰ,**
**-ਰੋਜ਼ਾਨਾ ਸਵੇਰਾ-**
ਬੀਐੱਸਐੱਫ ਨੇ ਅੱਜ ਸਵੇਰੇ ਫਿਰੋਜ਼ਪੁਰ ਸਰਹੱਦ ਨੇੜੇ ਪਾਕਿਸਤਾਨੀ ਡਰੋਨ ਵੱਲੋਂ ਹੈਰੋਇਨ ਦੇ ਤਿੰਨ ਪੈਕੇਟ ਬਰਾਮਦ ਕੀਤੇ। ਸਵੇਰੇ 7.30 ਵਜੇ ਸੂਹ ਮਿਲਣ 'ਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਮਬੋਕੇ ਦੇ ਬਾਹਰਵਾਰ ਬੀਐੱਸਐਫ ਨੇ ਤਲਾਸ਼ੀ ਮੁਹਿੰਮ ਚਲਾਈ ਗਈ ਸੀ। ਇਸ ਦੌਰਾਨ ਜਵਾਨਾਂ ਨੇ ਕਾਲੇ ਰੰਗ ਦਾ ਬੈਗ ਬਰਾਮਦ ਕੀਤਾ, ਜਿਸ ਵਿੱਚ ਨਸ਼ੀਲੇ ਪਦਾਰਥਾਂ ਦੇ 3 ਛੋਟੇ ਪੈਕੇਟ, ਜਿਨ੍ਹਾਂ ਦਾ ਵਜ਼ਨ 2.6 ਕਿਲੋਗ੍ਰਾਮ ਸੀ ਬਰਾਮਦ ਕੀਤੇ।

## ਲੁਧਿਆਣਾ 'ਚ 8.49 ਕਰੋੜ ਰੁਪਏ ਦੀ ਲੁੱਟ ਮਾਮਲੇ 'ਚ 5 ਗ੍ਰਿਫ਼ਤਾਰ: ਡੀਜੀਪੀ

### ਇਕ ਡਾਕੂ ਹਸੀਨਾ ਤੇ 9 ਪਾਰਟਨਰ ਖ਼ਤਰਨਾਕ ਪਲਾਨ 'ਚ ਪਤੀ ਵੀ ਰਲਿਆ





**ਲੁਧਿਆਣਾ,**
**-ਰੋਜ਼ਾਨਾ ਸਵੇਰਾ-**
ਲੁਧਿਆਣਾ 'ਚ ਸੀ. ਐੱਮ. ਐੱਸ. ਕੰਪਨੀ 'ਚੋਂ 8.49 ਕਰੋੜ ਦੀ ਲੁੱਟ ਮਾਮਲੇ ਨੂੰ ਪੁਲਸ ਨੇ 60 ਘੰਟਿਆਂ ਅੰਦਰ ਹੀ ਸੁਲਝਾ ਲਿਆ ਹੈ। ਪੁਲਸ ਨੇ ਮਾਮਲੇ ਦੇ 10 ਦੋਸ਼ੀਆਂ 'ਚੋਂ 5 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਕਾਂਡ ਦੀ ਮੁੱਖ ਮੁਲਜ਼ਮ ਮਨਦੀਪ ਕੌਰ ਅਤੇ ਉਸ ਦੇ 4 ਸਾਥੀ ਅਜੇ ਫ਼ਰਾਰ ਹਨ। ਇਸ ਬਾਰੇ ਪ੍ਰੈੱਸ ਕਾਨਫਰੰਸ ਕਰਦਿਆਂ ਲੁਧਿਆਣਾ ਦੇ ਪੁਲਸ ਕਮਿਸ਼ਨਰ ਮਨਦੀਪ ਸਿੱਧੂ ਨੇ ਦੱਸਿਆ ਕਿ ਕੰਪਨੀ ਨੇ ਪਹਿਲਾਂ 7 ਕਰੋੜ ਦੀ ਲੁੱਟ ਦੀ ਗੱਲ ਕਹੀ ਅਤੇ ਬਾਅਦ 'ਚ ਇਸ ਨੂੰ 8.49 ਕਰੋੜ ਰੁਪਏ ਦੀ ਲੁੱਟ ਦੱਸਿਆ। ਉਨ੍ਹਾਂ ਦੱਸਿਆ ਕਿ ਇਸ ਕੇਸ 'ਚ ਇਕ ਡਾਕੂ ਹਸੀਨਾ ਮਨਦੀਪ ਕੌਰ ਅਤੇ ਉਸ ਦੇ 9 ਮੈਂਬਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮਨਦੀਪ ਕੌਰ ਡੇਹਲੋਂ ਦੀ ਰਹਿਣ ਵਾਲੀ ਹੈ ਅਤੇ ਬਰਨਾਲਾ 'ਚ ਵਿਆਹੀ ਹੈ। ਕੇਸ 'ਚ 2 ਮੁੱਖ ਸੂਤਰਧਾਰ ਮਨਦੀਪ ਕੌਰ ਅਤੇ ਮਨਜਿੰਦਰ ਮਨੀ ਹਨ। ਮਨਦੀਪ ਕੌਰ ਦਾ ਪਤੀ ਵੀ ਇਸ ਕਾਂਡ 'ਚ ਸ਼ਾਮਲ ਪਾਇਆ ਗਿਆ ਹੈ ਅਤੇ ਪੁਲਸ ਨੇ ਮੁੱਖ ਮੁਲਜ਼ਮ ਮਨਦੀਪ ਕੌਰ ਅਤੇ ਉਸ ਦੇ ਪਤੀ ਦੇ ਖ਼ਿਲਾਫ਼ ਐੱਲ. ਓ. ਸੀ. ਜਾਰੀ ਕਰ ਦਿੱਤਾ ਹੈ

ਮਨੀ ਸੀ. ਐੱਮ. ਐਸ. ਕੰਪਨੀ 'ਚ 4 ਸਾਲਾਂ ਤੋਂ ਕੰਮ ਕਰ ਰਿਹਾ ਸੀ। ਇਨ੍ਹਾਂ ਦੋਹਾਂ ਵਿਚਕਾਰ ਕਿਸੇ ਤਰ੍ਹਾਂ ਨਾਲ ਦੋਸਤੀ ਹੋ ਗਈ ਤਾਂ ਦੋਹਾਂ ਨੇ ਇਸ ਲੁੱਟ ਦੀ ਵਾਰਦਾਤ ਦਾ ਸਾਰਾ ਪਲਾਨ ਬਣਾਇਆ। ਲੁੱਟ ਲਈ ਮੁਲਜ਼ਮਾਂ ਨੇ 2 ਮਡਿਊਲ ਬਣਾਏ। ਇਸ ਦੇ ਮੁਤਾਬਕ ਮਨੀ ਬਾਈਕ 'ਤੇ, ਜਦੋਂ ਕਿ ਮਨਦੀਪ ਕੌਰ ਗੱਡੀ 'ਚ ਗਈ ਸੀ। ਉਨ੍ਹਾਂ ਨੇ ਕਿਹਾ ਕਿ ਕੰਪਨੀ ਵੱਲੋਂ ਦੱਸੀ ਰਕਮ ਅਤੇ ਲੁਟੇਰਿਆਂ ਦੇ ਬਿਆਨਾਂ 'ਚ ਫ਼ਰਕ ਹੈ।

ਕੰਪਨੀ ਵੱਲੋਂ ਸੁਰੱਖਿਆ ਦੇ ਕੋਈ ਪ੍ਰਬੰਧ ਨਹੀਂ ਕੀਤੇ ਗਏ ਸਨ, ਜਿਸ ਕਾਰਨ ਇਹ ਵਾਰਦਾਤ ਵਾਪਰੀ। ਜੇਕਰ ਬਿਜਲੀ ਚਲੀ ਜਾਂਦੀ ਸੀ ਤਾਂ ਮੁਲਾਜ਼ਮ ਆਪਣਾ ਕਾਰਡ ਪੰਚ ਨਹੀਂ ਕਰ ਸਕਦੇ ਹਨ। ਇਸ ਸਭ ਦਾ ਮਨੀ ਨੂੰ ਪਤਾ ਸੀ ਕਿ ਕੰਪਨੀ 'ਚ ਕਿਹੋ ਜਿਹਾ ਸਿਸਟਮ ਹੈ। ਇਸ ਲਈ ਉਹ ਬਿਨਾਂ ਹਥਿਆਰਾਂ ਦੇ ਸੱਬਲਾਂ, ਕੱਟਰ ਆਦਿ ਲੈ ਕੇ ਪਿਛਲੇ ਪਾਸਿਓਂ ਕੰਪਨੀ ਅੰਦਰ ਦਾਖ਼ਲ ਹੋਏ। ਉਨ੍ਹਾਂ ਨੇ ਦੱਸਿਆ ਕਿ 11 ਕਰੋੜ, 70 ਹਜ਼ਾਰ ਰੁਪਏ ਦੀ ਰਕਮ ਬੈਂਕ ਮੈਨੇਜਰ ਨੇ ਉਨ੍ਹਾਂ ਨੂੰ ਲਿਖ ਕੇ ਦਿੱਤੀ ਸੀ। ਫਿਰ ਇਹ ਕਿਹਾ ਗਿਆ ਕਿ 4 ਕਰੋੜ, 45 ਲੱਖ ਰੁਪਿਆ ਕੰਪਨੀ 'ਚ ਪਿਆ ਹੈ ਅਤੇ ਇਸ ਮੁਤਾਬਕ ਲੁੱਟ ਸਿਰਫ 6 ਕਰੋੜ, 32 ਲੱਖ ਦੀ ਹੋਈ ਹੈ, ਜਦੋਂ ਕਿ ਕੰਪਨੀ ਨੇ ਇਹ ਰਕਮ 8 ਕਰੋੜ 49 ਲੱਖ ਦੱਸੀ ਹੈ।

**3 ਬੈਗਾਂ 'ਚ ਲੈ ਗਏ ਸੀ ਰਕਮ**

ਪੁਲਸ ਕਮਿਸ਼ਨਰ ਨੇ ਦੱਸਿਆ ਕਿ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜ਼ਮਾਂ ਕੋਲ 3 ਬੈਗ ਸਨ। ਇਨ੍ਹਾਂ 'ਚੋਂ 2 ਬੈਗਾਂ 'ਚ 3-3 ਕਰੋੜ ਅਤੇ ਤੀਜੇ ਬੈਗ 'ਚ 33 ਲੱਖ, 5 ਡੀ. ਵੀ. ਆਰ., ਪਲਾਸ, ਸੱਬਲਾਂ ਅਤੇ ਹੋਰ ਸਮਾਨ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਪੁਲਸ ਵੱਲੋਂ 5 ਮੈਂਬਰਾਂ ਦੀ ਟੀਮ ਬਣਾ ਦਿੱਤੀ ਗਈ ਹੈ ਅਤੇ ਜਲਦੀ ਹੀ ਬਾਕੀ ਕੈਸ਼ ਵੀ ਰਿਕਵਰ ਕਰ ਲਿਆ ਜਾਵੇਗਾ

**ਡੀ. ਜੀ. ਪੀ. ਨੇ ਦਿੱਤਾ 10 ਲੱਖ ਦਾ ਇਨਾਮ**

ਪੁਲਸ ਕਮਿਸ਼ਨਰ ਨੇ ਦੱਸਿਆ ਕਿ ਅਜਿਹੇ ਕੇਸ ਨੂੰ ਹੱਲ ਕਰਨ ਲਈ ਡੀ. ਜੀ. ਪੀ. ਪੰਜਾਬ ਨੇ ਉਨ੍ਹਾਂ ਨੂੰ ਸ਼ਾਬਾਸ਼ੀ ਦਿੱਤੀ ਹੈ ਅਤੇ ਜਿੰਨੀ ਵੀ ਪੁਲਸ ਮੁਲਾਜ਼ਮਾਂ ਦੀ ਇਸ ਕੇਸ 'ਚ ਮਿਹਨਤ ਲੱਗੀ ਹੈ, ਡੀ. ਜੀ. ਪੀ. ਪੰਜਾਬ ਨੇ ਲੁਧਿਆਣਾ ਪੁਲਸ ਨੂੰ 10 ਲੱਖ ਰੁਪਏ ਦਾ ਕੈਸ਼ ਐਵਾਰਡ ਦਿੱਤਾ ਹੈ।

## ਕਿਸਾਨਾਂ ਲਈ ਮਾਤਾ ਕੁਸ਼ੱਲਿਆ ਹਸਪਤਾਲ ਨੂੰ ਬਣਾਇਆ ਆਰਜ਼ੀ ਜੇਲ੍ਹ, 7 ਆਗੂਆਂ ਦਾ ਮਰਨ ਵਰਤ ਜਾਰੀ



**ਪਟਿਆਲਾ,**
**-ਰੋਜ਼ਾਨਾ ਸਵੇਰਾ-**
ਸੰਯੁਕਤ ਕਿਸਾਨ ਮੋਰਚੇ (ਗੈਰਰਾਜਨੀਤਿਕ) ਦੇ ਸੱਤ ਆਗੂਆਂ ਨੂੰ ਇਥੇ ਮਾਤਾ ਕੁਸ਼ੱਲਿਆ ਹਸਪਤਾਲ ਵਿਚ ਰੱਖਿਆ ਗਿਆ ਹੈ, ਜਿਸ ਦੇ ਇਕ ਕਮਰੇ ਨੂੰ ਆਰਜ਼ੀ ਜੇਲ੍ਹ ਬਣਾ ਦਿੱਤਾ ਗਿਆ ਹੈ। ਪੁਲੀਸ ਦਾ ਸਖ਼ਤ ਪਹਿਰਾ ਹੈ, ਜਿੱਥੇ ਕੋਈ ਵੀ ਇਨ੍ਹਾਂ ਆਗੂਆਂ ਨੂੰ ਮਿਲ ਨਹੀਂ ਸਕਦਾ। ਕੱਲ੍ਹ ਤੋਂ ਸੰਯੁਕਤ ਕਿਸਾਨ ਮੋਰਚੇ ਦੇ 7 ਆਗੂ ਜਗਜੀਤ ਸਿੰਘ ਡੱਲੇਵਾਲ, ਸੁਖਦੇਵ ਸਿੰਘ ਭੋਜਰਾਜ, ਕੁਲਵਿੰਦਰ ਸਿੰਘ ਪੰਜੋਲਾ, ਤਰਸੇਮ ਸਿੰਘ ਗਿੱਲ, ਸੁਖਜੀਤ ਸਿੰਘ ਹਰਦੋ ਝੰਡੇ, ਹਰਭਗਵਾਨ ਸਿੰਘ ਤੇ ਬੇਅੰਤ ਸਿੰਘ ਮਾਤਾ ਕੁਸ਼ੱਲਿਆ ਹਸਪਤਾਲ ਵਿਚ ਰੱਖੇ ਗਏ ਹਨ। ਪੁਲੀਸ ਅਨੁਸਾਰ ਇਨ੍ਹਾਂ ਦਾ ਮਰਨ ਵਰਤ ਤੁੜਵਾ ਦਿੱਤਾ ਗਿਆ ਹੈ ਪਰ ਸੂਤਰਾਂ ਮੁਤਬਕ ਹਾਲੇ ਤੱਕ ਕਿਸਾਨਾਂ ਨੇ ਮਰਨ ਵਰਤ ਨਹੀਂ ਤੋੜਿਆ, ਸਗੋਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਹੈ ਕਿ ਜੇ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਪਾਣੀ ਪੀਣਾ ਵੀ ਛੱਡ ਦੇਣਗੇ।

# ਗਿਆਨ ਭਗਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ

**ਮਨੋਹਰ ਲਾਲ ਪਵਾਰ**



ਅਰਜਨ ਸੁਨਤਿ ਸੁ ਦਾਸਨ ਕੋ ਦਾਨ ਦੇਤਿ,
ਮੋਹ ਕੋ ਬਿਦਾਰਬੇ ਕੋ ਬਾਕ ਸਾਰ ਅਰਜਨ।
ਅਰਜਨ ਨਾ ਜਾਨਸੋ ਜਾਇ, ਕੇਤੋ ਹੈ ਬਿਥਾਰ ਤੇਰੋ
ਐਸੋ ਰੂਪ ਧਾਰਿ ਆਇ ਰਾਜੈ ਗੁਰੂ ਅਰਜਨ।

ਇਤਿਹਾਸ ਗਵਾਹ ਹੈ ਜਦੋਂ ਵੀ ਧਰਮ ਤੇ ਸੰਕਟ/ ਅਤਿਆਚਾਰ ਹੁੰਦਾ ਰਿਹਾ ਉਦੋਂ ਅਵਤਾਰਾਂ , ਗੁਰੂਆਂ / ਸੰਤਾਂ ਧਰਮ ਦੀ ਰੱਖਿਆ ਲਈ ਸੰਤਪਤ ਮਾਨਵ ਜਾਤੀ ਨੂੰ ਉਬਾਰਿਆ ਅਤੇ ਜ਼ੁਲਮ ਜ਼ਾਬਰ ਦਾ ਸਾਹਮਣਾ ਕਰਦੇ ਹੋਏ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ । ਪੰਜਵੇਂ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਦਾ ਬਲਿਦਾਨ ਭਾਰਤ ਦੇ ਇਤਿਹਾਸ ਵਿਚ ਅਜੋਕੀ ਮਿਸਾਲ ਹੈ। ਇਸੇ ਤਰ੍ਹਾਂ ਨੌਵੇਂ ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਵੀ ਧਰਮ ਦੀ ਰੱਖਿਆ ਲਈ ਆਪਣਾ ਬਲਿਦਾਨ ਦਿੱਤਾ।

ਮੁੱਢਲਾ ਜੀਵਨ:- ਸਾਹਿਬ ਗੁਰੂ ਅਰਜਨ ਦੇਵ ਜੀ ਦਾ ਜਨਮ ਮਾਤਾ ਭਾਨੀ ਸਪੁੱਤਰੀ ਸ੍ਰੀ ਅਮਰਦਾਸ ਜੀ ਦੀ ਕੁੱਖੋਂ ਗੁਰੂ ਰਾਮ ਦਾਸ ਜੀ ਦੇ ਘਰ 15 ਅਪ੍ਰੈਲ 1563 ਈਸਵੀਂ ਵਿਚ ਹੋਇਆ । ਗੋਇੰਦਵਾਲ ਵਿਖੇ ਆਪ 11 ਸਾਲ ਰਹੇ ਜਿਸ ਮਗਰੋਂ ਆਪ ਚੱਕ ਗੁਰੂ (ਅੰਮ੍ਰਿਤਸਰ) ਆਪਣੇ ਪਿਤਾ ਗੁਰੂ ਰਾਮ ਦਾਸ ਜੀ ਨਾਲ ਆ ਗਏ। ਗੁਰੂ ਅਮਰਦਾਸ ਜੀ ਇਨ੍ਹਾਂ ਦੇ ਨਾਨਾ ਜੀ ਲੱਗਦੇ ਸਨ ਅਤੇ ਉਹਨਾਂ ਨੇ ਇਨ੍ਹਾਂ ਦੇ ਜਨਮ ਸਮੇਂ ਭਵਿੱਖਵਾਣੀ ਕੀਤੀ ਸੀ, "ਦੋਹਤਾ ਬਾਣੀ ਦਾ ਬੋਹਥਾ" ਬਾਬਾ ਮੋਹਨ ਜੀ ਇਨ੍ਹਾਂ ਨੇ ਮਾਮਾ ਜੀ ਲਗਦੇ ਹਨ, ਜਿਨ੍ਹਾਂ ਨਾਲ ਇੰਨ੍ਹਾਂ ਦਾ ਡੂੰਘਾ ਪ੍ਰੇਮ ਸੀ ਗੁਰੂ ਜੀ ਦੇ ਦੋ ਵੱਡੇ ਭਰਾ ਪ੍ਰਿਥਵੀ ਚੰਦ ਅਤੇ ਮਹਾਂਦੇਵ ਹਮੇਸ਼ਾ ਸ੍ਰੀ ਅਰਜਨ ਦੇਵ ਜੀ ਦੇ ਨਾਲ ਈਰਖਾ ਕਰਦੇ ਰਹੇ। 18 ਸਾਲ ਦੀ ਉਮਰ ਵਿਚ ਇਨ੍ਹਾਂ ਨੂੰ ਗੁਰ ਗੱਦੀ ਮਿਲੀ। ਮਹਾਂਦੇਵ ਜੀ ਦੀ ਪਤਨੀ ਕਰਮੋਂ ਨੇ ਇਨ੍ਹਾਂ ਦੇ ਸਪੁੱਤਰ ਬਾਲ ਹਰਗੋਬਿੰਦ ਰਾਏ ਜੀ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਵਿਅਰਥ। ਪ੍ਰਿੰਥੀ ਚੰਦ ਨੇ ਤਾਂ ਇਥੋਂ ਤੱਕ ਇੱਕ ਸਪੋਲਾ ਇਨ੍ਹਾਂ ਨੂੰ ਮਾਰਨ ਲਈ ਹੱਥ ਵਿਚ ਫੜ੍ਹਾਇਆ ਗਿਆ ਪਰ ਗੁਰੂ ਪ੍ਰਮੇਸ਼ਵਰ ਨੂੰ ਕੌਣ ਮਾਰ ਸਕਦਾ ਹੈ। ਇਨ੍ਹਾਂ ਨੇ ਸਪੋਲਾ ਹੱਥ ਨਾਲ ਫੜ ਜ਼ਮੀਨ 'ਤੇ ਰਗੜ ਕੇ ਮਾਰ ਦਿੱਤਾ। ਪ੍ਰਿਥੀ ਚੰਦ ਹਮੇਸ਼ਾ ਦਿੱਲੀ ਦਰਬਾਰ ਵਿਚ ਇਨ੍ਹਾਂ ਖਿਲਾਫ ਝੂਠੀ ਸ਼ਿਕਾਇਤਾਂ ਕਰਦਾ ਰਿਹਾ ਅਤੇ ਪਿਤਾ ਗੁਰੂ ਰਾਮਦਾਸ ਵੱਲੋਂ ਲਿਖੀਆਂ ਚਿੱਠੀਆਂ ਵੀ ਲੁਕਾਉਂਦਾ ਰਿਹਾ।

ਜਦੋਂ ਬਾਲ ਹਰਗੋਬਿੰਦ ਜੀ ਨੂੰ ਸ਼ੀਤਲਾ ਦਾ ਪਰਕੋਪ ਹੋਇਆ ਤਾਂ ਆਪ ਨੇ ਬਚਨ ਫੁਰਮਾਏ;

ਡਰੋ ਨਾ ਉਹ ਬਾਲਕ ਕੇ ਰਖਵਾਰ ਰਮਾਪਤਿ
ਆਸ ਕਰੋ ਪਰਮੇਸਰ ਕੀ ਜਿਸ ਤੇ ਨਹਿ ਔਰ
ਬੜੇ ਦੁਖ ਦਾਹਿਤ॥
ਸੁਨ ਦੇਤਿ ਧੀਰ ਨਹੀਂ ਕਰਹੁ ਤ੍ਰਾਸ
ਇਕ ਪਾਰਬ੍ਰਹਮ ਕੀ ਧਰਹੁ ਆਸ।
ਗੁਰੂ ਨਾਨਕ ਇਨਕੇ ਨਿਤ ਸਹਾਏ
ਜਿਨ ਨਾਮ ਜਪੇ ਸਭ ਕਸ਼ਟ ਜਾਏ।

ਜਦੋਂ ਇਨ੍ਹਾਂ ਦੇ ਵੱਡੇ ਭਰਾ ਮਹਾਂਦੇਵ ਜੀ ਹਾਲ ਪੁੱਛਣ ਆਏ ਤਾਂ ਗੁਰੂ ਜੀ ਨੇ ਕਿਹਾ,

ਦੀਨਨ ਸਾਥ ਹੋਇ ਸਹਾਇ।
ਦ੍ਰਿਗ ਲਏ ਆਪ ਕਰ ਦੈ ਬਚਾਇ।
ਪ੍ਰਭ ਹੋਵਹਿ ਸਹਾਇ ਤੁਮਰੀ ਕ੍ਰਿਪਾ ਸੁ ਦੇ ਹੈ ਬਚਾਇ।

ਜਦ ਹਰਗੋਬਿੰਦ ਜੀ ਨਿਰੋਏ ਹੋਏ ਤਾਂ ਆਪ ਨੇ ਉਚਰਿਆ

ਸ੍ਰੀ ਨਾਨਕ ਗੁਰੂ ਦੇਵ ਨੇ ਕਰ ਸੁ ਨੈਨ ਪ੍ਰਕਾਸ਼
ਰਛਾ ਕੀਨਿਸ ਹਾਥਿ ਦੇ ਲਖਿ ਪੂਰੀ ਮਮਆਸ।

ਸਿੱਖੀ ਦਾ ਵਿਕਾਸ : ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਖੂਬ ਹੋਇਆ ਜੋ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਉਹਨਾਂ ਵਲੋਂ ਹੇਠ ਲਿਖੇ ਮਹਾਨ ਕਾਰਜ ਕੀਤੇ ਗਏ;

ਸ੍ਰੀ ਆਦਿ ਗ੍ਰੰਥ ਦਾ ਸੰਕਲਨ:- ਗੁਰੂ ਜੀ ਵੇਲੇ ਕੁਝ ਸੰਤਾਂ ਨੇ ਆਪਣੀ ਹੀ ਗੁਰਬਾਣੀ ਦੀ ਰਚਨਾ ਕਰ ਦਿੱਤੀ ਜਿਸ ਨਾਲ ਸਿੱਖ ਜਗਤ ਅਸਮੰਜਸ ਵਿਚ ਪੈ ਗਿਆ। ਇਸ ਲਈ ਗੁਰੂ ਜੀ ਨੇ ਪਹਿਲੇ ਚਾਰ ਗੁਰੂਆਂ ਦੀ ਬਾਣੀ ਅਤੇ ਆਪਣੇ ਲਿਖੇ ਸਲੋਕ ਵੀ ਇੱਕਤਰ ਕਰਕੇ ਸੰਕਲਨ ਦਾ ਕੰਮ, ਭਾਈ ਗੁਰਦਾਸ ਜੀ ਤੋਂ ਕਰਵਾਇਆ ਜੋ ਇਹਨਾਂ ਦੇ ਮਾਮਾ ਜੀ ਲਗਦੇ ਸਨ। ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 976, ਸ੍ਰੀ ਗੁਰੂ ਅੰਗਦ ਦੇਵ ਜੀ ਦੇ 62 ਸ੍ਰੀ ਗੁਰੂ ਅਮਰ ਦਾਸ ਜੀ ਦੇ 907 ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 679 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 2216 ਸਲੋਕ ਜੋੜ ਕੇ 16 ਹੋਰ ਸੰਤਾਂ ਦੀ ਬਾਣੀ ਵੀ ਦਰਜ ਕੀਤੀ। ਇਹਨਾਂ ਸੰਤਾਂ ਵਿਚੋਂ ਕਬੀਰ , ਰਵਿਦਾਸ , ਭਗਤ ਨਾਮ ਦੇਵ , ਫਰੀਦ, ਜੈਦੇਵ, ਸੂਰਦਾਸ ਅਤੇ ਭਗਤ ਤ੍ਰਿਲੋਚਨ ਦੀ ਬਾਣੀਆਂ ਸ਼ਾਮਲ ਕੀਤੀਆਂ।

(2) ਤਰਨ ਤਾਰਨ ਅਤੇ ਕਰਤਾਰਪੁਰ ਦੀ ਨੀਂਹ:- ਗੁਰੂ ਜੀ ਨੇ ਅੰਮ੍ਰਿਤਸਰ ਤੋਂ 22 ਕਿ. ਮੀਟਰ ਦੂਰ ਇਕ ਤਲਾਬ ਦੀ ਖੁਦਾਈ ਕਰਵਾਈ ਜਿਸਦਾ ਨਾਂ ਤਰਨ ਤਾਰਨ ਰੱਖਿਆ। 1539 ਈ. ਨੂੰ ਜਲੰਧਰ ਦੇ ਨੇੜੇ ਕਰਤਾਰਪੁਰ ਦੀ ਨੀਂਹ ਰੱਖੀ, ਇਥੇ ਹੀ ਗੰਗਸਰ ਨਾਂ ਦੇ ਕੂੰਏਂ ਦੀ ਖੁਦਾਈ ਕਰਵਾਈ ਅਤੇ ਬਚਨ ਫੁਰਮਾਏ ਕਿ ਇਸਦਾ ਪਾਣੀ ਗੰਗਾ ਦੇ ਸਮਾਨ ਪਵਿੱਤਰ ਹੋਵੇਗਾ। ਅੰਮ੍ਰਿਤਸਰ ਦੇ ਨੇੜੇ ਹੀ ਛੇਹਰਟਾ ਦੀ ਨੀਂਹ ਰੱਖੀ ਅਤੇ ਆਪਣੇ ਬੇਟੇ ਸ੍ਰੀ ਹਰਗੋਬਿੰਦ ਰਾਏ ਜੀ ਦੇ ਨਾਂ 'ਤੇ ਬਿਆਸ ਦੇ ਕਿਨਾਰੇ ਹਰਗੋਬਿੰਦਪੁਰ ਦੀ ਸਥਾਪਨਾ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ:- ਗੁਰੂ ਸਾਹਿਬ ਜੀ ਨੇ ਅੰਮ੍ਰਿਤਸਰ ਵਿਖੇ ਸ਼੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾਇਆ ਜੋ ਸਿੱਖ ਇਤਿਹਾਸ ਵਿਚ ਬਹੁਤ ਵੱਡੀ ਘਟਨਾ ਸੀ ਜਿਸ ਦਾ ਨੀਂਹ ਪੱਥਰ ਉਸ ਸਮੇਂ ਪ੍ਰਸਿੱਧ ਮੁਸਲਮਾਨ ਫ਼ਕੀਰ , ਮੀਆਂ ਮੀਰ ਨੇ 1588 ਈ.ਨੂੰ ਰੱਖੀ । ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰਨ ਦੀ ਸੇਵਾ - ਭਾਈ ਗੁਰਦਾਸ ਜੀ, ਬੁੱਲਾ, ਭਾਨਾ ਅਤੇ ਕਲਿਆਣਾ ਆਦਿ ਸਿੱਖਾਂ ਨੂੰ ਸੌਂਪੀ । ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਮਹਿਮਾ ਬਾਰੇ ਉਚਰਿਆ:-

ਰਾਮਦਾਸ ਸਰੋਵਰ ਨਾਤੇ, ਸਭਿ ਉਤਰੇ ਪਾਪ ਕਮਾਤੇ ।
ਨਿਰਮਲ ਹੋਏ ਕਰਿ ਇਸ਼ਨਾਨਾ। ਗੁਰ ਪੂਰੈ ਕੀਨੇ ਦਾਨਾ ॥

ਹਰਿਮੰਦਰ ਸਾਹਿਬ ਦਾ ਨਿਰਮਾਣ 1601 ਨੂੰ ਪੂਰਾ ਹੋਇਆ । ਸੰਨ 1604 ਈ.ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਰਾਜਮਾਨ ਹੋਏ, ਜਿਸਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਨਿਯੁਕਤ ਕੀਤਾ ਗਿਆ। ਹਰਿਮੰਦਰ ਸਾਹਿਬ ਬੀੜ ਨੂੰ ਸਜੇ ਹੋਏ ਤਖਤ 'ਤੇ ਟਿਕਾਇਆ ਗਿਆ ਤੇ ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਵਾਕ ਲੈਣ ਲਈ ਕਿਹਾ, ਵਾਕ ਸੀ;

ਵਿਚਿ ਕਰਤਾ ਖਲੋਆ, ਵਾਲ ਨਾ ਵਿੰਗਾ ਹੋਆ।

ਗੁਰੂ ਜੀ ਦਾ ਬਲਿਦਾਨ :- ਸਿੱਖਾਂ ਦੇ ਇਮਤਿਹਾਨ ਦੀ ਕਠਿਨ ਪ੍ਰੀਖਿਆ ਦਾ ਸਮਾਂ ਆ ਪੁਜਾ। ਸ੍ਰੀ ਗੁਰੂ ਮਹਾਰਾਜ ਦਾ ਬਲਿਦਾਨ ਭਾਰਤ ਦੇ ਇਤਿਹਾਸ ਦੀ ਬਹੁਤ ਵੱਡੀ ਘਟਨਾ ਸੀ ਜਿਸਨੇ ਸਾਰੀ ਮਾਨਵਜਾਤੀ ਨੂੰ ਹਿਲਾ ਦਿੱਤਾ। ਜਿਸ ਮਗਰੋਂ ਸਿੱਖੀ ਦਾ ਸਰੂਪ ਹੀ ਬਦਲ ਗਿਆ ਅਤੇ ਛੇਵੇਂ ਪਾਤਿਸ਼ਾਹ ਸ਼੍ਰੀ ਗੁਰੂ ਹਰਗੋਬਿੰਦ ਰਾਏ ਜੀ ਨੇ ਦੋ ਤਲਵਾਰਾਂ ਧਾਰਨ ਕਰਕੇ ਸਿੱਖਾਂ ਨੂੰ ਸ਼ਸ਼ਤਰਧਾਰੀ ਬਣਾਇਆ। ਮੁਗਲ ਪਾਤਸ਼ਾਹ ਅਕਬਰ ਦੀ ਮੌਤ 17 ਅਕਤੂਬਰ 1605 ਈ: ਨੂੰ ਹੋਈ ਅਤੇ 7 ਦਿਨਾਂ ਦੇ ਸੋਗ ਮਗਰੋਂ ਉਸਦਾ ਪੁੱਤਰ ਜਹਾਂਗੀਰ (ਸਲੀਮ) 24.10.1605 ਨੂੰ ਗੱਦੀ 'ਤੇ ਬੈਠਾ ਉਹ ਅਕਬਰ ਦੀ ਤਰ੍ਹਾਂ ਉਦਾਰ ਹਿਰਦੈ ਨਹੀਂ ਸੀ ਸਗੋਂ ਸ਼ੁਰੂ ਤੋਂ ਹੀ ਸਿੱਖਾਂ ਅਤੇ ਹਿੰਦੂਆਂ ਦੇ ਖਿਲਾਫ ਸੀ ਅਤੇ ਗੁਰੂਆਂ ਦੀ ਪ੍ਰਸਿੱਧੀ ਤੋਂ ਬੇਚੈਨ ਸੀ । ਜਿਸ ਕਾਰਨ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਫਰਮਾਨ ਜਾਰੀ ਕੀਤਾ ਉਹਨਾਂ ਦੇ ਬਲੀਦਾਨ ਦੇ ਪ੍ਰਮੁੱਖ ਕਾਰਨਾਂ ਦੇ ਬਾਰੇ ਰੋਸ਼ਨੀ ਪਾਉਣੀ ਬਹੁਤ ਜ਼ਰੂਰੀ ਹੈ, ਜੋ ਨਿਮਨ ਲਿਖਤ ਹਨ:-

ੳ. ਜਹਾਂਗੀਰ ਦੀ ਅਸਹਿਨਸ਼ੀਲਤਾ ਅਤੇ ਕੱਟੜਪੁਣਾ:- "ਤੁਜਕੇ ਜਹਾਂਗੀਰੀ" ਵਿਚ ਜਹਾਂਗੀਰ ਲਿਖਦਾ ਹੈ ਕਿ ਇਸ ਧਰਮ ਦੇ ਠੇਕੇਦਾਰ (ਗੁਰੂ ਅਰਜਨ ਦੇਵ ਜੀ) ਦੀ ਦੁਕਾਨ ਬੰਦ ਕਰਕੇ ਉਸਨੂੰ ਮੁਸਲਮਾਨ ਬਣਾ ਦਿੱਤਾ ਜਾਵੇ ਜਦੋਂ ਉਹਨਾਂ ਨੂੰ ਪਤਾ ਲਗਾ ਕਿ ਗੁਰੂ ਜੀ ਨੇ ਰਾਜਕੁਮਾਰ ਖੁਸਰੋ ਨੂੰ ਅਸੀਸ ਦਿੱਤੀ ਹੈ ਤਾਂ ਉਹ ਭੜਕ ਗਿਆ ਅਤੇ ਗੁਰੂ ਜੀ 'ਤੇ ਦੋ ਲੱਖ ਰੁਪਏ ਜੁਰਮਾਨਾ ਲੱਗਾ ਦਿੱਤਾ ਜੋ ਗੁਰੂ ਜੀ ਨੇ ਦੇਣ ਤੋਂ ਇੰਨਕਾਰ ਕਰ ਦਿੱਤਾ।

ਅ. ਗੁਰੂ ਜੀ ਖਿਲਾਫ਼ ਰਚੀ ਸਾਜਿਸ਼:- ਚੰਦੂ ਸ਼ਾਹ ਅਤੇ ਗੁਰੂ ਜੀ ਦੇ ਸਕੇ ਭਰਾ ਪ੍ਰਿਥੀ ਚੰਦ ਵੀ ਗੁਰੂ ਜੀ ਦੇ ਵਿਰੋਧੀ ਸਨ ਜੋ ਰਾਤ ਦਿਨ ਗੁਰੂ ਜੀ ਦੇ ਖਿਲਾਫ ਬਾਦਸ਼ਾਹ ਅਕਬਰ ਨੂੰ ਭੜਕਾ ਰਹੇ ਸਨ ਅਤੇ ਅਕਬਰ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਪੜ੍ਹਕੇ ਸੁਨਾਉਣ ਲਈ ਕਿਹਾ ਤਾਂ ਸ਼ਬਦ ਆਇਆ:-

" ਖਾਕ ਨੂੰਹ ਕਰਦੇ ਆਲਮ ਦੁਨੀਆਇ,
ਅਸਮਾਨ ਜਿੰਮੀ ਦਰੱਖਤ ਆਬ ਪੈਦਾਇਸ਼,
ਫਨਾਇ ਬੰਦੇ ਚਮਨ ਦੀਦਾਰੇ ਫਨਾਇ,
ਦੁਨੀਆ ਮੁਰਦਾਰ ਖੁਰਦਨੀ ਗਾਫ਼ਲ ਗਵਾਇ।"

ਅਕਬਰ ਸ਼ਬਦ ਸੁਣ ਕੇ ਬਹੁਤ ਪ੍ਰਭਾਵਤ ਅਤੇ ਪ੍ਰਸੰਨ ਹੋਇਆ ਅਤੇ ਅਕਬਰ ਨੇ ਬੜੇ ਅਦਬ ਨਾਲ ਗੁਰੂ ਜੀ ਨੂੰ ਪੰਜ ਸੌ ਅਸ਼ਰਫੀਆਂ ਭੇਟ ਕੀਤੀਆਂ ਅਤੇ ਸਜ਼ਦਾ ਕੀਤੀ।

ਚੰਦੂ ਦੀ ਈਰਖਾ:- ਪ੍ਰਿਥੀ ਚੰਦ ਅਤੇ ਚੰਦੂ ਸ਼ਾਹ ਦਿੱਲੀ ਸਲਤਨਤ ਕੋਲ ਗੁਰੂ ਜੀ ਖਿਲਾਫ਼ ਸ਼ਿਕਾਇਤਾਂ ਕਰਦੇ ਆ ਰਹੇ ਸਨ। ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਲਈ ਗੁਰੂ ਜੀ ਕੋਲ ਪਰੋਹਤ ਨੂੰ ਭੇਜਿਆ ਅਤੇ ਹਰਗੋਬਿੰਦ ਰਾਏ ਜੀ ਨਾਲ ਰਿਸ਼ਤਾ ਪੱਕਾ ਹੋ ਗਿਆ ਤਾਂ ਚੰਦੂ ਹੰਕਾਰ ਭਰੇ ਸ਼ਬਦਾਂ ਵਿਚ ਬੋਲਿਆ, "ਪਰਹੋਤ ਜੀ ਚੰਗਾ ਨਹੀਂ ਕੀਤਾ। ਚੁਬਾਰੇ ਦੀ ਇੱਟ ਮੋਰੀ ਨੂੰ ਲਗਾ ਆਏ ਹੋ।" ਭਾਵੇਂ ਗੁਰੂ ਅਰਜਨ ਇਕ ਮਾਲਦਾਰ ਸਾਮੀ ਹੈ, ਪਰ ਭਿਖਾਰੀਆਂ ਦੇ ਟੱਬਰ ਵਿਚੋਂ ਹੈ। ਚੰਦੂ ਦੇ ਹੰਕਾਰ ਭਰੇ ਸ਼ਬਦਾਂ ਨਾਲ ਸੰਗਤਾਂ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਅਤੇ ਸੰਗਤਾਂ ਦੀ ਗੁਰੂ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜ ਦਿੱਤਾ। ਚੰਦੂ ਨੇ ਲੱਖ ਮਿਨਤਾਂ ਕਰਨ ਦੇ ਬਾਵਜੂਦ ਵੀ ਗੁਰੂ ਜੀ ਨੇ ਰਿਸ਼ਤਾ ਵਾਪਸ ਕਰ ਦਿੱਤਾ। ਇਸ ਲਈ ਚੰਦੂ ਰਿਸ਼ਤਾ ਟੁੱਟਣ ਕਾਰਨ ਜਲ-ਭੁਜ ਗਿਆ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪ੍ਰਿਥਵੀ ਚੰਦ ਨੂੰ ਸਮਝਾਉਣ ਲਈ ਭੇਜਿਆ ਪਰ ਉਸ ਨੇ ਨਾ ਕਰ ਦਿੱਤੀ ਅਤੇ ਜਹਾਂਗੀਰ ਕੋਲ ਝੂਠੀਆਂ ਸ਼ਿਕਾਇਤਾਂ ਕਰਦਾ ਰਿਹਾ ਸੁਹਲੀ ਖਾਨ ਵੱਲੋਂ ਗੁਰੂ ਜੀ ਦਾ ਵਿਰੋਧ :- ਸੁਲਹੀ ਖਾਨ ਬਟਾਲੇ ਦਾ ਇੱਕ ਪਠਾਣ ਜੋ ਜਹਾਂਗੀਰ ਦਾ ਅਹਿਲਕਾਰ ਅਤੇ ਲਾਹੌਰ ਦਾ ਸੂਬੇਦਾਰ ਅਤੇ ਮਾਮਲਾ ਅਫਸਰ ਵੀ ਸੀ। ਪ੍ਰਿਥਵੀ ਚੰਦ ਨੇ ਉਸ ਨਾਲ ਮਿਲ ਕੇ ਗੁਰੂ ਜੀ ਵਿਰੁੱਧ ਵਿਉਂਤਾਂ ਰਚਾਉਣੀਆਂ ਸ਼ੁਰੂ ਕੀਤੀਆਂ। ਪ੍ਰੰਤੂ ਦੂਜੇ ਪਾਸੇ ਵਜ਼ੀਰ ਖਾਂ ਗੁਰੂ ਜੀ ਦਾ ਸ਼ਰਧਾਵਾਨ ਸੀ ਜਿਸਦਾ ਸੁੱਖਮਨੀ ਸਾਹਿਬ ਦਾ ਪਾਠ ਸੁਣਨ ਨਾਲ ਜਲੋਦਰ ਰੋਗ ਦੂਰ ਹੋ ਗਿਆ ਸੀ ਉਸ ਨੇ ਵੀ ਦੋਵਾਂ ਭਰਾਵਾਂ ਵਿਚ ਸਮਝੌਤਾ ਕਰਾਉਣਾ ਚਾਹਿਆ ਗੁਰੂ ਜੀ ਨੇ ਸੁਲਹੀ ਖਾਨ ਦੀ ਖੋਟੀ ਮਨਸਾ ਜਾਣਦੇ ਸਨ ਅਤੇ ਸ਼ਬਦ ਉਚਾਰਿਆ:

ਮਿਰਤੁ ਹਸੈ ਸਿਰ ਉਪਰੇ ਪਸ਼ੂਆ ਨਹੀਂ ਬੁਝੇ। ਬਾਦਸ਼ਾਹ ਅਹੰਕਾਰ ਮਹਿ ਮਰਨਾ ਨਹੀਂ ਸੂਝੇ॥
ਸਤਿਗੁਰੂ ਸੇਵਹੁ ਅਪਨਾ ਕਾਹੇ ਫਿਰਹੁ ਅਭਾਗੇ। ਦੇਖਿ ਕਸੁੰਭਾ ਰੰਗੁਲਾ ਕਾਹੇ ਭੁਲਿ ਲਾਗੇ॥ (ਬਿਲਾਵਲੁ ਮਹਲਾ 5)

ਖੁਸਰੋ ਦੀ ਸਹਾਇਤਾ ਅਤੇ ਆਸ਼ੀਰਵਾਦ :- ਖੁਸਰੋ ਜੋ ਕਿ ਜਹਾਂਗੀਰ ਦਾ ਪੁੱਤਰ ਸੀ, ਨੇ ਅਪ੍ਰੈਲ 1605 ਈ.ਨੂੰ ਬਗਾਵਤ ਕਰ ਦਿੱਤੀ ਅਤੇ ਉਸਨੇ ਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਉਹ ਗੁਰੂ ਜੀ ਨੂੰ ਤਰਨਤਾਰਨ ਮਿਲਿਆ ਅਤੇ ਗੁਰੂ ਜੀ ਕੋਲੋਂ ਇੱਕ ਲੱਖ ਰੁਪਏ ਦੀ ਮੰਗ ਕੀਤੀ । ਗੁਰੂ ਜੀ ਨੇ ਕਿਹਾ, "ਸਾਡੇ ਫਕੀਰਾਂ ਕੋਲ ਰੁਪਏ ਕਿੱਥੇ ?" ਖੁਸਰੋ ਨੇ ਬਹੁਤ ਤਰਲੇ ਮਿੰਨਤਾਂ ਕੀਤੀਆਂ । ਗੁਰੂ ਜੀ ਨੇ ਮੁਹਤਾਜ ਜਾਣ ਕੇ ਪੰਜ ਹਜਾਰ ਰੁਪਏ ਦੇ ਕੇ ਆਪਣੇ ਮਗਰੋਂ ਲਾਹਿਆ ਅਤੇ ਕਿਹਾ ਕਿ ਆਪਣੇ ਪਿਤਾ ਕੋਲੋਂ ਮਾਫੀ ਮੰਗੋ ਪਰ ਉਹ ਨਹੀਂ ਮੰਨਿਆਂ । ਇਸ ਕਾਰਨ ਵੀ ਜਹਾਂਗੀਰ ਬਹੁਤ ਖਫ਼ਾ ਸੀ। ਸੁਲਹੀ ਖਾਂ ਦੀ ਮੌਤ ਤਰੇਹੀ ਤੋਂ ਸੁਲਹੀ ਖਾਂ ਅਮ੍ਰਿਤਸਰ ਵੱਲ ਫੌਜਾਂ ਲੈਕੇ ਤੁਰਨ ਲਗਾ ਤਾਂ ਪ੍ਰਿਥੀ ਚੰਦ ਨੇ ਆਪਣੇ ਨਵੇਂ ਲਗਾਏ ਆਵੇ ਨੂੰ ਵੇਖਣ ਲਈ ਕਿਹਾ।

ਉਸ ਨੇ ਹੰਕਾਰ ਵਿਚ ਘੋੜੇ ਨੂੰ ਅੱਡੀ ਲਗਾਈ, ਘੋੜਾ ਦੌੜ ਕੇ ਆਵੇ ਵਿਚ ਡਿੱਗ ਪਿਆ ਅਤੇ ਸੁਲਹੀ ਖਾਂ ਜੋ ਗੁਰੂ ਜੀ ਦਾ ਮਾੜਾ ਕਰਨ ਆਇਆ ਸੀ ਖੁਦ ਹੀ ਆਵੇ ਵਿਚ ਡਿੱਗ ਕੇ ਸੜ ਮਰਿਆ ਗੁਰੂ ਜੀ ਨੇ ਉਸ ਵੇਲੇ ਵਚਨ ਫਰਮਾਏ:

ਪਾਰਬ੍ਰਹਮ ਪ੍ਰਭ ਭਏ ਦਇਆਲਾ ਸ਼ਿਵ ਕੈ ਬਾਨਿ ਸਿਰ ਕਾਟਿਓ।
ਭਸਮ ਭੂਤ ਹੋਇਆ ਖਿਨ ਭੀਤਰਿ ਆਪਣਾ ਕੀਆ ਪਾਇਆ॥

ਗੁਰੂ ਜੀ ਖਿਲਾਫ਼ ਚੰਦੂ ਸ਼ਾਹ ਦੀ ਸ਼ਿਕਾਇਤਾਂ ਅਤੇ ਖੁਸਰੋ ਨੂੰ ਆਸ਼ੀਰਵਾਦ ਦੇਣਾ ਆਦਿ ਕਾਰਨ ਤਾਂ ਇਕ ਸਬਬ ਸੀ, ਪ੍ਰੰਤੂ ਭਾਣਾ ਅਕਾਲ ਪੁਰਖ ਦਾ ਅਤੇ ਧਰਮ ਦੀ ਰੱਖਿਆ, ਸੰਤਾਂ /ਭਗਤਾਂ ਨੂੰ ਉਬਾਰਨ ਵੱਜੋਂ ਆਪਣਾ ਬਲੀਦਾਨ ਦੇਣਾ ਪਿਆ। ਗੁਰੂ ਅਰਜਨ ਦੇਵ ਜੀ ਨੂੰ 22 ਮਈ 1606 ਈ. ਨੂੰ ਅਮ੍ਰਿਤਸਰ ਤੋਂ ਮੁਰਤਜਾਖਾਨ ਨੇ ਗ੍ਰਿਫਤਾਰ ਕੀਤਾ ਗੁਰੂ ਹੁਕਮ ਅਨੁਸਾਰ ਗੁਰੂ ਹਰਗੋਬਿੰਦ ਜੀ ਦੁਆਬਾ ਚਲੇ ਗਏ ਸਨ। ਗੁਰੂ ਜੀ ਨਾਲ ਉਸ ਵੇਲੇ ਪੰਜ ਪ੍ਰਸਿੱਧ ਸਿਖ- ਚੌਧਰੀ ਲੰਘਾ, ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ ਅਤੇ ਭਾਈ ਪਿਰਾਣਾ ਜੀ ਆਪੂੰ ਚਲ ਪਏ। ਇਨਾਂ ਸਿੱਖਾਂ ਨੂੰ ਗੁਰੂ ਜੀ ਨੇ ਆਪ ਹੀ ਲਾਹੌਰ ਤੋਂ ਮੁੜਨ ਦਾ ਹੁਕਮ ਦੇ ਦਿੱਤਾ ਅਤੇ ਹਰਗੋਬਿੰਦ ਜੀ ਦੀ ਸ਼ਰਨ ਜਾਣ ਲਈ ਕਿਹਾ । ਆਖਿਰਕਾਰ 15 ਮਈ 1606 ਈ. ਨੂੰ ਗੁਰੂ ਜੀ ਨੂੰ ਗਿਰਫਤਾਰ ਕਰ ਲਿੱਤਾ। 30 ਮਈ 1606 ਈ: ਨੂੰ ਉਨ੍ਹਾਂ ਨੂੰ ਲਾਹੌਰ ਵਿਖੇ ਉਬਲਦੀ ਦੇਗ ਵਿੱਚ ਬਿਠਾਇਆ ਅਤੇ ਫਿਰ ਤੱਤੀ ਤਵੀ ਤੇ ਬਿਠਾ ਕੇ ਗਰਮ ਰੇਤ ਪਾਇਆ ਅਤੇ ਸ਼ਹੀਦੀ ਸਮੇਂ ਆਪ ਜੀ ਨੇ ਹੇਠ ਲਿਖੇ ਵਾਕ ਉਚਰੇ:

'ਸੁਣੀ ਅਰਦਾਸਿ ਸੁਆਮੀ ਮੇਰੇ ਸਰਬਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰੂ ਨਾਨਕ ਕੀ ਵਡਿਆਈ॥'

ਫਲਸਰੂਪ ਉਹਨਾਂ ਦਾ ਪਵਿੱਤਰ ਸ਼ਰੀਰ ਰਾਵੀ ਦਰਿਆ ਦੇ ਜਲ ਵਿਚ ਸਮਾ ਗਿਆ। ਗੁਰੂ ਜੀ ਨੇ ਧਰਮ ਦੀ ਖਾਤਿਰ ਦਿਤਾ ਬਲਿਦਾਨ ਸੰਸਾਰ ਦੇ ਇਤਿਹਾਸ ਵਿਚ ਅਜੋਕਿ ਮਿਸਾਲ ਹੈ ਜਿਸ ਦਾ ਮਤਲਬ ਹੈ ਧਰਮ ਦੀ ਰਾਹ ਬੇਹਦ ਕਠਿਨ ਹੈ, ਤਾਂ ਹੀ ਉਸ ਪ੍ਰਮੇਸ਼ਵਰ ਨੂੰ ਪਾਇਆ ਜਾ ਸਕਦਾ ਹੈ, ਜਦੋਂ ਇਹ ਭਾਵਨਾ ਪਰਿਪੱਕ ਹੋਵੇ-

ਮਾਨਸ ਕੀ ਜਾਤ ਸਭੈ ਇੱਕੋ ਪਚਿਾਨਬੋ

ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਿੱਟੇ:- ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਹਿੰਦੂ - ਸਿੱਖਾਂ ਦੇ ਦਿੱਲਾਂ ਵਿਚ ਮੁਗਲ ਸਲਤਨਤ ਦੇ ਵਿਰੁੱਧ ਨਫ਼ਰਤ ਦੀ ਲਹਿਰ ਫੈਲ ਗਈ ਅਤੇ ਸਿੱਖਾਂ ਨੂੰ ਸ਼ਸ਼ਤਰ ਚੁਕਣ ਲਈ ਮਜਬੂਰ ਕੀਤਾ ਅਤੇ ਉਹਨਾਂ ਸ਼ਹੀਦੀ ਮਗਰੋਂ, ਉਹਨਾਂ ਦੇ ਸਪੁੱਤਰ ਸਾਹਿਬ ਸ਼੍ਰੀ ਹਰਗੋਬਿੰਦ ਰਾਏ ਗੁਰ ਗੱਦੀ ਤੇ ਬੈਠੇ ਜਿਨਾਂ ਦੀ ਉਸ ਵੇਲੇ ਉਮਰ ਕੇਵਲ ਦੱਸ ਸਾਲ ਦੀ ਸੀ ਜਿਨ੍ਹਾਂ ਨੇ ਮੀਰੀ ਪੀਰੀ ਵੱਜੋਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਚਾਰ ਬਹੁਤ ਭਾਰੀ ਲੜਾਈਆਂ ਲੜੀਆਂ ਅਤੇ ਮੁੱਗਲਾਂ ਨੂੰ ਬੁਰੀ ਤਰ੍ਹਾਂ ਸ਼ਿਕਸ਼ਤ ਦਿੱਤੀ। ਸੰਨ 1627 ਈ: ਨੂੰ ਦਮੇਂ ਦੀ ਬਿਮਾਰੀ ਕਾਰਨ ਜਹਾਂਗੀਰ ਦੀ ਮੌਤ ਹੋ ਗਈ।

ਸਿੱਖੀ ਦਾ ਸਰੂਪ ਬਦਲ ਗਿਆ ਜੋ ਦੀਨ ਦੁਖੀ ਦੀ ਰਖਿਆ ਲਈ ਹਮੇਸ਼ਾਂ ਤਿਆਰ ਰਹਿੰਦੀ।

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੂਲ ਕਾਰਨ

ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ (1563-1606 ਈ.) ਦੇ ਇਕ ਸਮਕਾਲੀ ਮੁਸਲਮਾਨ ਇਤਿਹਾਸਕਾਰ, ਮੁਹਸਿਨ ਫਾਨੀ (1615-1670 ਈ.) ਦੇ ਤਵਾਰੀਖੀ ਬਿਆਨ ਅਨੁਸਾਰ "ਹਰ ਗੁਰੂ ਸਾਹਿਬ ਦੀ ਗੁਰਿਆਈ ਸਮੇਂ ਸਿੱਖਾਂ ਦੀ ਗਿਣਤੀ ਵੱਧਦੀ ਹੀ ਰਹੀ ਹੈ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਤਾਂ ਇਹ ਬਹੁਤ ਵੱਧ ਗਈ ਸੀ। ਉਹ ਅਕਸਰ ਸ਼ਹਿਰਾਂ ਵਿਚ ਰਹੇ ਸਨ ਅਤੇ ਕੋਈ ਵੀ ਅਜਿਹਾ ਸ਼ਹਿਰ ਨਹੀਂ ਸੀ ਜਿਸ ਵਿਚ ਕੁਝ ਨਾ ਕੁਝ ਸਿੱਖ ਨਾ ਵਸਦੇ ਹੋਣ।" (ਦੁਬਿਸਤਾਨੇ ਮੁਜ਼ਾਹਿਬ ਮਿਤੀ 1645 ਈ.,ਪੰਨਾ 233)

ਗੁਰੂ ਸਾਹਿਬ ਦਾ ਤੇਜ਼ ਪਰਤਾਪ ਅਤੇ ਗੁਰੂ ਦੀ ਸਿੱਖੀ ਦਾ ਇਉਂ ਦਿਨੋ ਦਿਨ ਵਧ ਰਿਹਾ ਪਾਸਾਰ ਉਨ੍ਹਾਂ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਦੇ ਹਿਰਦੇ ਅੰਦਰ ਈਰਖਾ ਤੇ ਦਵੈਖ ਦਾ ਭਾਂਬੜ ਬਾਲ ਰਿਹਾ ਸੀ। ਗੁਰਗੱਦੀ ਦੀ ਖੁੰਝਾਈ ਦਾ ਅਰਮਾਨ ਜੋ ਗੁਰੂ ਪਿਤਾ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਰਤ ਬਾਬਾ ਸ੍ਰੀ ਚੰਦ ਜੀ ਵਲੋਂ ਹੋਏ ਭਾਈ ਕੇਸਰ ਸਿੰਘ ਛਿੱਬਰ ਦੇ ਲਫਜ਼ਾਂ ਵਿਚ ਹੇਠ ਲਿਖੇ ਨਿਰਣੇ ਕਾਰਨ ਹੋਰ ਉਤੇਜਿਤ ਹੋ ਗਿਆ ਸੀ। ਉਸਨੂੰ ਉਸੇ ਦਿਨ ਤੋਂ ਬਹੁਤ ਕਲਪਾ ਤੇ ਤੜਫਾ ਰਿਹਾ ਸੀ :

ਸਿਰੀ ਚੰਦ ਸਾਹਿਬ ਜੀ ਪੱਗ ਭਿਜਵਾਈ।
ਇਕ ਪ੍ਰਿਥੀਏ ਨੂੰ ਇਕ ਅਰਜਨ ਨੂੰ ਆਈ।
ਮਰਨੇ ਦੀ ਪੱਗ ਪ੍ਰਿਥੀਏ ਬੱਧੀ ਗੁਰਿਆਈ ਪੱਗ
ਗੁਰੂ ਅਰਜਨ ਬੱਧੀ। (ਛਿੱਬਰ, ਬੰਸਾਵਲੀਨਾਮਾ, ਮਿਤੀ 1769 ਈ.)

ਉਹ ਮਸੰਦਾਂ, ਗੁਰੂ ਦੋਖੀਆਂ ਤੇ ਸਰਕਾਰੀ ਕਰਮਚਾਰੀਆਂ ਨਾਲ ਗੰਢ ਤੁਪ ਕਰਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਤੋਂ ਹਟਾਉਣ ਅਤੇ ਉਸ ਉੱਤੇ ਆਪਣਾ ਹੱਕ ਜਮਾਉਣ ਲਈ ਹਰ ਮੁਮਕਨ ਕੋਸ਼ਿਸ਼ ਕਰ ਰਿਹਾ ਸੀ ਅਤੇ ਨਿੱਤ ਨਵੀਆਂ ਰਿਕਤਾਂ ਵੀ ਛੇੜ ਰਿਹਾ ਸੀ।

ਸਮੇਂ ਦੇ ਸ਼ਹਿਨਸ਼ਾਹ ਜਲਾਲ-ਉਦ-ਦੀਨ ਅਕਬਰ (1556-1605 ਈ.) ਦੇ ਇਕ ਉੱਘੇ ਵਜ਼ੀਰ, ਰਾਜਾ ਬੀਰਬਲ ਦੀ ਈਰਖਾ ਤੇ ਵਿਰੋਧ ਦਾ ਕਾਰਨ ਵੀ ਸਿੱਖ ਲਹਿਰ ਦਾ ਬੜੀ ਤੇਜ਼ੀ ਨਾਲ ਵੱਧ ਰਿਹਾ ਅਸਰ ਤੇ ਰਸੂਖ ਹੀ ਸੀ। ਡਾ. ਸਮਿੱਥ ਅਨੁਸਾਰ "ਅਕਬਰ ਉਸ ਦੀ ਅਜਿਹੀ ਨੀਤ ਤੇ ਨੀਤੀ ਨਾਲ ਸਹਿਮਤ ਨਹੀਂ ਸੀ। ਉਸਨੂੰ ਤਾਂ ਸਿੱਖ ਸਿਧਾਂਤ ਭਰਵੀਂ ਸ਼ਲਾਘਾ ਦੇ ਹੱਕਦਾਰ ਜਾਪਦੇ ਸਨ।"
(ਅਕਬਰ, ਮਿਤੀ 1923, ਪੰਨਾ 171)

ਇਸ ਦੇ ਬਾਵਜੂਦ, ਬੀਰਬਲ ਨੇ ਸੰਨ 1586 ਵਿਚ ਅੰਮ੍ਰਿਤਸਰ ਵੱਲ ਕੂਚ ਕਰਦਿਆਂ ਸਾਰੇ ਸ਼ਹਿਰ ਨੂੰ ਉਜਾੜ ਦੇਣ ਦੀ ਧਮਕੀ ਦਿਤੀ ਸੀ। ਪਰ ਉਸਨੂੰ ਯੂਸਫਜ਼ਈਆਂ ਦੀ ਬਗਾਵਤ ਦਬਾਉਣ ਲਈ ਬਾਦਸ਼ਾਹ ਵਲੋਂ ਆਏ ਫੌਰੀ ਹੁਕਮ ਮੁਤਾਬਿਕ ਆਪਣੀ ਮੁਹਾਰ ਅਚਾਨਕ ਉਧਰ ਮੋੜਨੀ ਪੈ ਗਈ ਸੀ ਜਿਸ ਕਰਕੇ ਪੰਜਾਬ ਅਤੇ ਗੁਰੂ ਘਰ ਉਤੇ ਮੰਡਲਾ ਰਿਹਾ ਉਹ ਹੱਲਾ ਵੀ ਟੱਲ ਗਿਆ ਸੀ। (ਮੈਕਾਲਿਫ ਸਿੱਖ ਰਿਲਿਜ਼ਨ, ਮਿਤੀ 1909 ਈ. ਪੰਨਾ 15- 17)

ਉਹੀ ਸ਼ਹਿਨਸ਼ਾਹ ਅਕਬਰ ਜਦੋਂ ਸੰਨ 1600 ਦੇ ਲਾਗੇ ਚਾਗੇ ਖੁਦ ਪੰਜਾਬ ਆਇਆ ਸੀ ਤਾਂ ਗੁਰੂ ਦੋਖੀਆਂ ਨੇ ਇਕ ਮੇਜਰਨਾਮੇ ਦੁਆਰਾ ਇਸ ਗੱਲ ਦੀ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਨੇ ਆਪਣੀ ਉਮਤ ਲਈ ਇਕ ਅਜਿਹੀ ਨਿਵੇਕਲੀ ਜਿਹੀ ਧਰਮ-ਪੁਸਤਕ ਤਿਆਰ ਕਰ ਲਈ ਹੈ ਜਿਸ ਵਿਚ ਇਸਲਾਮ ਬਾਰੇ ਨਿੰਦਾ ਤੇ ਬੇਅਦਬੀ ਭਰੇ ਸ਼ਬਦ ਸੰਚਿਤ ਹਨ ਪਰ ਅਕਬਰ ਨੇ ਜਦੋਂ ਉਸ ਪਾਵਨ ਪੁਸਤਕ (ਗੁਰੂ) ਗ੍ਰੰਥ ਸਾਹਿਬ ਦੇ ਕੁਝ ਵਿਕੋਲਿਤਰੇ ਸ਼ਬਦ ਥਾਂਉਂ-ਥਾਂਈ ਸੁਣੇ ਸਨ ਤਾਂ ਉਸ ਦੀ ਖੁਸ਼ੀ ਤੇ ਤਸੱਲੀ ਦੀ ਕੋਈ ਹੱਦ ਨਹੀਂ ਸੀ ਰਹੀ ਤੇ ਉਸਨੇ ਝੂਠੀ ਸ਼ਿਕਾਇਤ ਨੂੰ ਉਸ ਵੇਲੇ ਖਾਰਜ ਕਰਨ ਵੱਜੋਂ 51 ਮੋਹਰਾਂ ਭੇਟਾਂ ਕਰਦਿਆਂ ਗੁਰੂ ਸਾਹਿਬ ਦੇ ਸਰਬ ਸਾਂਝੇ ਸੰਦੇਸ਼ ਤੇ ਪਰਉਪਕਾਰੀ ਕਾਰਜਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ ਸੀ।
(ਗੁਪਤਾ-ਹਿਸਟਰੀ ਆਫ ਦੀ ਸਿੱਖਜ਼, ਮਿਤੀ 1984, ਪੰ. 143-144)

ਗੁਰੂ ਅਰਜਨ ਦੇਵ ਜੀ ਨੇ ਆਪਣੀ ਹਸਬ ਮਾਮੂਲ 'ਚੜ੍ਹਦੀਕਲਾ' ਵਿਚ ਹੀ ਵਿਚਰਦਿਆਂ ਇਸ ਕ੍ਰਿਪਾਲਤਾ ਤੇ 'ਪੈਜ-ਰਖਾਈ' ਲਈ ਵੀ ਕੇਵਲ ਵਾਹਿਗੁਰੂ ਦਾ ਹੀ ਧੰਨਵਾਦ ਕਰਦਿਆਂ ਫੁਰਮਾਇਆ ਸੀ :

ਮਹਜਰੁ ਝੂਠਾ ਕੀਤੋਨੁ ਆਪਿ॥
ਪਾਪੀ ਕਉ ਲਾਗਾ ਸੰਤਾਪੁ ॥੧॥



ਅਜਿਹੇ ਸੁਲਹਕੁਲ ਤੇ ਸਹਿਨਸ਼ੀਲ ਬਾਦਸ਼ਾਹ ਦੇ ਸੰਨ 1605 ਵਿਚ ਹੋਏ ਦੇਹਾਂਤ ਤੋਂ ਬਾਅਦ ਜਦੋਂ ਉਸ ਦਾ ਪੁੱਤਰ ਨੂਰ-ਉਦ ਦੀਨ ਜਹਾਂਗੀਰ (1605 - 1627 ਈ.) ਤਖਤ ਨਸ਼ੀਨ ਹੋਇਆ ਸੀ ਤਾਂ ਮੁਗਲੀਆ ਸਰਕਾਰ ਦੀ ਨੀਤ ਤੇ ਨੀਤੀ ਬਦਲਣੀ ਸ਼ੁਰੂ ਹੋ ਗਈ ਸੀ। ਆਪਣੇ ਆਪ ਨੂੰ 'ਰੱਬ ਦਾ ਨਾਇਬ' ਤੇ 'ਮਜੱਦਦ ਅਲਫ ਸਾਨੀ' ਅਖਵਾਉਣ ਵਾਲੇ ਅਤੇ ਗੁਰੂ ਅਰਜਨ ਦੇਵ ਜੀ ਨੂੰ 'ਇਮਾਮੇ ਕੁਫਰ' ਆਖਣ ਵਾਲੇ ਸ਼ੇਖ ਅਹਿਮਦ ਸਰਹੰਦੀ (1569 - 1624 ਈ.) ਅਤੇ ਉਸ ਦੀਆਂ ਤੁਅੱਸਬੀ ਸਰਗਰਮੀਆਂ ਦਾ ਬੋਲ-ਬਾਲਾ ਹੋ ਗਿਆ ਸੀ।
(ਪੰਜਾਬ ਪਾਸਟ ਐਂਡ ਪਰੈਜ਼ੈਂਟ ਜਿ. 12, ਮਿਤੀ 1978, ਪੰਨਾ 163)

ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਉਸ ਤੋਂ ਭਾਵ ਜਹਾਂਗੀਰੀ ਦੀ ਤਾਜਪੋਸ਼ੀ ਤੋਂ ਵਰ੍ਹਾ ਕੁ ਬਾਅਦ 30 ਮਈ 1606 ਈ. ਨੂੰ ਹੋਈ ਸ਼ਹੀਦੀ ਦਾ ਮੂਲ ਤੇ ਮੁੱਖ ਕਾਰਨ ਮੁਗਲ ਰਾਜ ਦੀ ਨੀਤ ਤੇ ਨੀਤੀ ਵਿਚ ਇਕਦਮ ਆਈ ਇਹੋ ਅਨਿਆਈ ਤੇ ਪੱਖਪਾਤੀ ਤਬਦੀਲੀ ਹੀ ਸੀ।

ਸਿੱਖ ਸਿਧਾਂਤ ਦੇ ਆਚਾਰ ਵਿਹਾਰ ਦਾ ਨਿਆਰਾਪਣ ਅਤੇ ਉਸ ਦਾ ਦਿਨੋ ਦਿਨ ਵਧ ਰਿਹਾ ਅਸਰ ਰਸੂਖ ਸਮੇਂ ਦੀ ਇਸਲਾਮੀ ਸਰਕਾਰ ਉਸ ਦੇ ਤੁਅੱਸਬੀ ਬਾਦਸ਼ਾਹ, ਕਰਮਕਾਂਡੀ ਧਰਮ ਅਤੇ ਕੱਟੜਪੰਥੀ ਸਲਾਹਕਾਰਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਚੁੱਕਾ ਸੀ। ਗੁਰੂ ਅਰਜਨ ਦੇਵ ਜੀ ਦੁਆਰਾ ਹੇਠ ਲਿਖਿਆ 'ਚੜ੍ਹਦੀਕਲਾ ਪੂਰਤ' ਬੇਬਾਕ ਬਿਆਨ ਤੇ ਨਿਧੱੜਕ ਐਲਾਨ ਜਿੱਥੇ ਉਨ੍ਹਾਂ ਦੇ ਧਰਮ ਕਰਮ ਦੀ ਵਿਲੱਖਣਤਾ, ਆਚਾਰ ਸਦਾਚਾਰ ਦੀ ਨਿਆਰਤਾ ਕਥਨੀ ਕਰਨੀ ਦੀ ਸੁਤੰਤਰਤਾ, ਸੁਭਾਅ ਦੀ ਨਿਰਭੈਤਾ ਅਤੇ ਸਿੱਖ ਲਹਿਰ ਦੀ ਅੱਗੇ ਵੱਧਦਾ ਦਾ ਸੂਚਕ ਸੀ।

ਮਜ਼ਬੀ ਤੁਅੱਸਬ ਨਾਲ ਭਰਿਆ ਪੀਤਾ ਜਹਾਂਗੀਰ ਅਤੇ ਉਸ ਦੇ ਧਾਰਮਿਕ ਸਰਪ੍ਰਸਤ ਤੇ ਕੱਟੜਪੰਥੀ ਸਲਾਹਕਾਰ ਆਪਣੇ ਰਾਜ ਭਾਗ ਤੇ ਧਰਮ ਖੇਤਰ ਵਿਚ ਅਜਿਹੇ ਬੇਬਾਕ ਵੱਖਰਤ ਬਰਦਾਸ਼ਤ ਨਹੀਂ ਕਰ ਸਕੇ ਸਨ ਅਤੇ ਉਨ੍ਹਾਂ ਨੇ ਇਸ ਲਹਿਰ ਨੂੰ ਉਥੇ ਹੀ ਰੋਕ ਦੇਣ ਤੇ ਇਸ ਦੇ ਪਾਵਨ ਸੰਚਾਲਕ ਛੇਤੀ ਤੋਂ ਛੇਤੀ ਮਾਰ ਮੁਕਾਉਣ ਦਾ ਪੱਕਾ ਫੈਸਲਾ ਕਰ ਲਿਆ ਸੀ। ਸਿੱਖ ਲਹਿਰ ਨੂੰ 'ਦੁਕਾਨੇ ਬਾਤਲ' (ਕੂੜ ਦਾ ਵਪਾਰ) ਕਹਿ ਕੇ ਦਬਾਉਣ ਤੇ ਸਾਹਿਬ ਗੁਰੂ ਅਰਜਨ ਦੇਵ ਜੀ ਨੂੰ ਮਾਰ ਮੁਕਾਉਣ ਤੋਂ ਕੇਵਲ ਵੀ 20 ਦਿਨ ਬਾਅਦ ਜਹਾਂਗੀਰ ਨੇ ਆਪਣੀ ਸ੍ਵੈਜੀਵਨੀ 'ਤੁਜ਼ਕੇ ਜਹਾਂਗੀਰੀ' ਵਿਚ 19 ਜੂਨ 1606 ਨੂੰ ਇਹ ਆਪ ਲਿਖਿਆ ਸੀ :

'ਗੋਇੰਦਵਾਲ ਵਿਚ ਜੋ ਦਰਿਆ ਬਿਆਸ ਦੇ ਕੰਡੇ ਸਥਿਤ ਹੈ, ਅਰਜਨ ਨਾਂ ਦਾ ਇਕ ਹਿੰਦੂ ਪੀਰਾਂ ਸ਼ੇਖਾਂ ਦੇ ਸਰੂਪ ਵਿਚ ਰਹਿ ਰਿਹਾ ਸੀ। ਉਸਨੇ ਬਹੁਤ ਸਾਰੇ ਸਿੱਧੇ ਸਾਦੇ ਹਿੰਦੂਆਂ ਸਗੋਂ ਮੂਰਖ ਅਤੇ ਨੀਚ ਮੁਸਲਮਾਨਾਂ ਨੂੰ ਵੀ ਆਪਣੇ ਧਰਮ ਕਰਮ ਦਾ ਸ਼ਰਧਾਲੂ ਬਣਾ ਕੇ ਆਪਣੀ ਪੀਰੀ ਤੇ ਪਦਵੀ ਦਾ ਢੋਲ ਉੱਚੀ ਆਵਾਜ਼ ਨਾਲ ਵਜਾਇਆ ਹੋਇਆ ਸੀ। ਲੋਕ ਉਸ ਨੂੰ 'ਗੁਰੂ' ਆਖਦੇ ਸਨ ਅਤੇ ਕਈ ਪਾਸਿਆਂ ਤੇ ਦਿਸ਼ਾਵਾਂ ਦੇ ਭੋਲੇ ਭਾਲੇ ਤੇ ਪਾਖੰਡ ਪੂਜ ਲੋਕ ਉਸ ਵਲ ਰੁਹਿਤ ਸਨ ਅਤੇ ਉਸ ਦੀ ਜਾਤ ਵਿਚ ਸੰਪੂਰਨ ਨਿਸ਼ਚਾ ਰਖਦੇ ਰਹਿੰਦੇ ਸਨ। ਉਨ੍ਹਾਂ ਨੇ ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਭਾਵ ਸਿੱਖ ਲਹਿਰ ਚਲਾਈ ਹੋਈ ਸੀ।

ਮੇਰੇ ਦਿਲ ਵਿਚ ਇਹ ਖਿਆਲ ਚੌਖੇ ਚਿਰ ਤੋਂ ਆ ਜਾ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ (ਭਾਵ ਸਿੱਖ ਧਰਮ) ਨੂੰ ਬੰਦ ਕਰ ਦਿਤਾ ਜਾਵੇ ਜਾਂ ਉਸ ਗੁਰੂ ਅਰਜਨ ਦੇਵ ਜੀ ਦੇ ਧਰਮ ਮੰਡਲ ਵਿਚ ਦਾਖਲ ਕਰ ਲਿਆ ਜਾਵੇ। ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਦਾਖਲ ਕਰ ਲਿਆ ਜਾਵੇ। ਉਸ ਦਾ ਘਰ ਘਾਟ ਤੇ ਬੱਚੇ ਮੈਂ ਮੁਰਤਜ਼ਾ ਖਾਨ ਦੇ ਹਵਾਲੇ ਕੀਤੇ ਜਾਣ ਅਤੇ ਉਸ ਦਾ ਮਾਲ ਅਸਬਾਬ, ਕੈਦ, ਸਹਿਤ ਜਜ਼ਬ ਕਰਕੇ ਮੈਂ ਹੁਕਮ ਦਿਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੀ ਰਾਜ ਡੰਡਾਵਲੀ ਅਨੁਸਾਰ ਮਾਰ ਮੁਕਾ ਦਿੱਤਾ ਜਾਵੇ।'
(ਤੁਜੁਕਿ ਜਹਾਂਗੀਰੀ ਮਿਤੀ 1606 ਈ. ਪੰਨਾ 35)

ਉਸੇ ਨਿਰਦਈ ਡੰਡਾਵਲੀ ਅਨੁਸਾਰ ਦੈਵੀ, ਕੋਮਲ ਚਿਤ ਤੇ ਮਹਾਨ ਆਤਮਾ ਦੇ ਸੁਆਮੀ ਅੰਮ੍ਰਿਤਸਰ ਤੇ ਕਈ ਹੋਰ ਨਗਰਾਂ ਦੇ ਉਸੱਰਈਏ ਗੁਰੂ ਗ੍ਰੰਥ ਸਾਹਿਬ ਦੇ ਰਚਨਾਹਾਰ, ਮਨੁੱਖੀ ਅਧਿਕਾਰਾਂ ਦੇ ਅਲਮ ਬਰਦਾਰ ਅਤੇ ਧਰਮ ਕਰਮ ਦੇ ਅਨੂਠੇ ਪਹਿਰੇਦਾਰ ਗੁਰੂ ਅਰਜਨ ਦੇਵ ਜੀ ਲਗਾਤਾਰ ਕਈ ਦਿਨ ਤੱਤੀ ਤਵੀ ਉਤੇ ਤਾਇਆ ਗਿਆ, ਭਖਦੀ ਰੇਤ ਪਾ ਪਾ ਕੇ ਦੁਖਾਇਆ ਗਿਆ, ਖੌਲਦੇ ਪਾਣੀ ਵਿਚ ਉਬਾਲਿਆ ਗਿਆ ਅਤੇ ਅਖੀਰ ਰਾਵੀ ਦੇ ਠੰਢੇ ਪਾਣੀ ਵਿਚ ਡੁਬੋ ਕੇ ਸ਼ਹੀਦ ਕਰ ਦਿਤਾ ਗਿਆ ਸੀ।

ਇਕ ਸਮਕਾਲੀ ਬਦੇਸੀ ਯਸੂਈ ਮਿਸ਼ਨਰੀ ਫਾਦਰ ਫਰਦੀਨੰਦ ਗੁਇਰੈਰੋ ਦੀ 25 ਸਤੰਬਰ 1606 ਨੂੰ ਲਾਹੌਰ ਤੋਂ ਆਪਣੇ ਦੇਸ਼ ਵਲ ਚਿੱਠੀ ਲਿਖ ਭੇਜੀ ਅਤੇ ਸੰਨ 1609 ਵਿਚ ਲਿਜ਼ਬਨ ਵਿਖੇ ਪ੍ਰਕਾਸ਼ਤ ਹੋ ਇਕ ਚਿੱਠੀ ਅਨੁਸਾਰ : "ਜਦੋਂ ਬਾਦਸਾਹ ਜਹਾਂਗੀਰ ਨੇ ਸ਼ਹਿਜ਼ਾਦਾ ਖੁਸਰੋ ਨੂੰ ਫੜ ਲਿਆ ਸੀ ਤਾਂ ਉਸ ਨੇ ਗੁਰੂ ਨੂੰ ਬੁਲਵਾ ਕੇ ਇਕ ਅਮੀਰ ਮੂਰਤੀ ਪੂਜ ਦੇ ਹਵਾਲੇ ਕਰ ਦਿਤਾ ਸੀ। ਉਹ ਉਨ੍ਹਾਂ ਨੂੰ ਨਿੱਤ ਨਵੇਂ ਕਸ਼ਟ ਦੇਂਦਾ ਰਿਹਾ ਸੀ। ਇਸ ਤਰ੍ਹਾਂ ਸਿਖਾਂ ਦੇ ਉਹ ਨੇਕ ਪੋਪ ਗੁਰੂ ਅਰਜਨ ਦੇਵ ਜੀ ਦੁਖ, ਤਸੀਹੇ ਤੇ ਨਿਰਾਦਰੀਆਂ ਸਹਾਰਦੇ ਹੋਏ ਸੁਰਗਵਾਸ ਹੋ ਗਏ ਸਨ।"
(ਐਨੁਅਲ ਰੀਲੇਸ਼ਨਜ਼ ਮਿਤੀ 1609 ਈ. ਜਿ. 2, ਪੰਨਾ 366)

ਉਨ੍ਹਾਂ ਦੇ ਇਕ ਹੋਰ ਸਮਕਾਲੀ ਅਤੇ ਜਹਾਂਗੀਰ ਨੂੰ ਚੁੱਕਾਂ ਦੇਣ ਵਾਲੇ ਤੁਅੱਸਬੀ ਉਲਮਾਵਾਂ ਦੇ ਮੁੱਖੀ ਉਕਤ ਸ਼ੇਖ ਅਹਿਮਦ ਸਰਹਿੰਦੀ ਉਰਫ ਮਜੱਦਦੇ ਅਲਫ ਸਾਨੀ ਨੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿੰਦਿਆਂ ਅਤੇ ਸ਼ੁਕਰਾਨਿਆਂ ਭਰੀ ਚੜ੍ਹਦੀਕਲਾ ਵਿਚ ਵਿਗਸਦਿਆਂ ਦਿਤੀ ਗਈ ਇਸ ਮਹਾਨ ਸ਼ਹਾਦਤ ਨੂੰ ਲਾਹੌਰ ਦੇ ਉਕਤ ਗਵਰਨਰ ਮੁਰਤਜ਼ਾ ਖਾਨ ਵਲ ਲਿਖੀ ਮੁਬਾਰਕੀ ਚਿਠੀ ਵਿਚ ਗੋਇੰਦਵਾਲ ਦੇ ਫਿਟਕਾਰ ਯੋਗ ਕਾਫਰ ਦਾ ਕਤਲ ਇਸਲਾਮ ਦੇ ਸ਼ਰਧਾਲੂਆਂ ਲਈ ਉੱਚਤਮ ਸ਼ੋਭਾ ਵਾਲਾ ਕੰਮ ਦੱਸਿਆ ਸੀ। (ਮਕਤੂਬਾਤੇ ਇਮਾਮੇ ਰੱਬਾਨੀ, ਜਿ. 1-3, ਮਿਤੀ 16-9-4 l, ਪੰਨਾ 193) ਸੋ, ਉਪਰੋਕਤ ਸਮਕਾਲੀ ਤੇ ਭਰੋਸੇਯੋਗ ਇਤਿਹਾਕ ਗਵਾਈਆਂ (ਸਮਕਾਲੀ ਬਾਦਸ਼ਾਹ ਜਹਾਂਗੀਰ, ਬਦੇਸੀ ਮਿਸ਼ਨਰੀਆਂ ਫਰੀਨੰਦ ਤੇ ਸ਼ੇਖ ਅਹਿਮਦ ਸਰਹਿੰਦੀ ਦੀਆਂ) ਨੂੰ ਮੁੱਖ ਰਖਦਿਆਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਅਸਲ ਕਾਰਨ ਤੇ ਅਸਲ ਦੋਸ਼ੀ ਪ੍ਰਿਥੀਚੰਦ ਤੇ ਉਸ ਦੀ ਖਾਨਦਾਨੀ ਈਰਖਾ, ਚੰਦੂ ਤੇ ਉਸ ਦੀ ਜਾਤੀ ਰੰਜਸ਼, ਖੁਸਰੋ ਅਤੇ ਉਸ ਦੀ ਗੋਇੰਦਵਾਲ ਆਵੰਦ ਜਾਂ ਇਸ ਤਰ੍ਹਾਂ ਦੀਆਂ ਆਮ ਦੱਸੀਆਂ ਜਾਂਦੀਆਂ ਗੱਲਾਂ ਜਾਂ ਘਟਨਾਵਾਂ ਨਹੀਂ ਸਨ। ਸਿੱਖ ਇਤਿਹਾਸ ਦੀ ਇਹ ਪਹਿਲੀ ਤੇ ਅਦੁੱਤੀ ਸ਼ਹੀਦੀ, ਸਮੇਂ ਦੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਉਪਰੋਕਤ ਲਿਖਤੀ ਬਿਆਨ ਮੁਤਾਬਕ ਉਸ ਦੇ ਆਪਣੇ ਹੁਕਮ ਅਧੀਨ ਅਤੇ ਉਸ ਦੀ ਤੁਅੱਸਬੀ ਵਿਧੀ ਅਨੁਸਾਰ ਹੀ ਹੋਈ ਸੀ।

ਇਸੇ ਸ਼ਹੀਦੇ ਨੇ ਸਿੱਖ ਧਰਮ ਦੀ ਉਸਾਰੀ ਦੀਆਂ ਨੀਹਾਂ, ਹੇਠ ਲਿਖੇ ਮਕੂਲਿਆਂ ਅਨੁਸਾਰ ਏਨੀਆਂ ਪੱਕੀਆਂ ਕਰ ਦਿਤੀਆਂ ਸਨ ਕਿ ਉਨ੍ਹਾਂ ਉਤੇ ਉਨ੍ਹਾਂ ਤੇ ਪਾਵਨ ਪੋਤੇ ਗੁਰੂ ਤੇਗ ਬਹਾਦਰ ਜੀ ਪੜ ਪੋਤੇ, ਗੁਰੂ ਗੋਬਿੰਦ ਸਿੰਘ ਜੀ ਤੇ ਨਕੜਪੋਤਿਆਂ ਚਾਰ ਸਾਹਿਬਜ਼ਾਦਿਆਂ ਨੇ ਆਪੋ ਆਪਣੀ ਬਲਿਦਾਨਾਂ ਰਾਹੀਂ ਇਕ ਅਜਿਹਾ ਅਮਰ ਤੇ ਅੱਦੁਤੀ ਮਹਿਲ ਉਸਾਰ ਦਿਤਾ ਸੀ। ਜਿਸ ਨੂੰ 'ਸਿੱਖ ਕੌਮ' ਅਤੇ ਪੰਥ ਖ਼ਾਲਸਾ ਅਖਵਾਉਣ ਦਾ ਮਾਣ ਪ੍ਰਾਪਤ ਹੈ।

ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਯਾਤ ਹੈ
ਹਯਾਤ ਭੀ ਹਯਾਤ ਹੈ, ਔਰ ਮੌਤ ਭੀ ਹਯਾਤ ਹੈ।

# ਗਹਿਣਿਆਂ ਦੀਆਂ ਸੱਤ ਵੰਨਗੀਆਂ

## ਪੰਜਾਬੀ ਸੱਭਿਆਚਾਰ ਦਾ ਝਲਕਾਰਾ





ਗਹਿਣਾ ਮਨੁੱਖੀ ਸ਼ਿੰਗਾਰ ਦਾ ਹਮੇਸ਼ਾਂ ਤੋਂ ਕੇਂਦਰ ਬਿੰਦੂ ਰਿਹਾ ਹੈ। ਪੰਜਾਬ ਵਿਚ ਹਰ ਧਰਮ, ਜਾਤ ਅਤੇ ਉਮਰ ਦੀਆਂ ਔਰਤਾਂ ਅਤੇ ਮਰਦ ਆਪਣੀ ਸਮਰੱਥਾ ਅਨੁਸਾਰ ਸੋਨੇ, ਚਾਂਦੀ ਅਤੇ ਪਿੱਤਲ ਦੇ ਗਹਿਣੇ ਪਹਿਨ ਦੇ ਰਹੇ ਹਨ। ਪੁਰਾਤਨ ਪੰਜਾਬ ’ਚ ਔਰਤਾਂ ਸਿਰ ਤੋਂ ਪੈਰਾਂ ਤਕ ਲਗਪਗ ਹਰੇਕ ਅੰਗ ’ਤੇ ਗਹਿਣੇ ਪਹਿਨਦੀਆਂ ਸਨ। ਕਿਹਾ ਜਾਂਦਾ ਹੈ ਕਿ ਪੁਰਾਤਨ ਪੰਜਾਬ ਵਿਚ ਔਰਤਾਂ ਸੌ ਤੋਂ ਵੀ ਵੱਧ ਗਹਿਣੇ ਪਹਿਨ ਕੇ ਆਪਣੇ ਹੁਸਨ ਨੂੰ ਸ਼ਿੰਗਾਰਦੀਆਂ ਸਨ।

ਗਹਿਣਾ ਅਸਲ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੀ ਆਰਥਿਕ ਖ਼ੁਸ਼ਹਾਲੀ, ਪਿਆਰ-ਮੁਹੱਬਤ ਅਤੇ ਸੁਹਜ-ਤ੍ਰਿਪਤੀ ਆਦਿ ਦੇ ਪ੍ਰਗਟਾਅ ਦਾ ਪ੍ਰਤੀਕ ਹੈ। ਜਿਹੜੇ ਵੰਨ-ਸੁਵੰਨੇ ਸੋਨੇ-ਚਾਂਦੀ ਦੇ ਗਹਿਣੇ ਪੁਰਾਤਨ ਸਮੇਂ ’ਚ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਸਨ, ਉਨ੍ਹਾਂ ਦੀ ਥਾਂ ਹੁਣ ਬਣਾਵਟੀ ਗਹਿਣਿਆਂ ਨੇ ਲੈ ਲਈ ਹੈ। ਇਹ ਲੋਕ ਗਹਿਣੇ ਸਾਡੇ ਸੱਭਿਆਚਾਰ ਅਤੇ ਆਧੁਨਿਕ ਸਾਹਿਤਕ ਪਿੜ ’ਚੋਂ ਲਗਪਗ ਖ਼ਤਮ ਹੋ ਗਏ ਹਨ। ਨਵੀਂ ਪੀੜ੍ਹੀ ਤਾਂ ਇਨ੍ਹਾਂ ਗਹਿਣਿਆਂ ਤੋਂ ਅਨਜਾਣ ਹੀ ਹੈ। ਪੁਰਾਣੇ ਪੰਜਾਬ ’ਚ ਇਸਤਰੀਆਂ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿਚ ਕਈ ਤਰ੍ਹਾਂ ਦੇ ਗਹਿਣੇ ਸ਼ਾਮਲ ਸਨ।

### ਕੰਨਾਂ ਵਿਚ ਪਾਏ ਜਾਣ ਵਾਲੇ

**ਪਿੱਪਲ ਪੱਤੀਆਂ** : ਇਹ ਔਰਤਾਂ ਵਿਚ ਬਹੁਤ ਪ੍ਰਚਲਿਤ ਗਹਿਣਾ ਸੀ। ਇਸ ਨੂੰ ਪਹਿਨਣ ’ਚ ਉਹ ਬੜੀ ਸ਼ਾਨ ਸਮਝਦੀਆਂ ਸਨ। ਇਸ ਗਹਿਣੇ ਨਾਲ ਪਿੱਪਲ ਦੇ ਪੱਤਿਆਂ ਵਾਂਗ ਦੋ-ਤਿੰਨ ਪੱਤੇ ਜਿਹੇ ਲੱਗੇ ਹੁੰਦੇ ਸਨ। ਇਸ ਗਹਿਣੇ ਦੀ ਸੁੰਦਰਤਾ ਬਾਰੇ ਪੰਜਾਬੀ ਲੋਕ ਗੀਤਾਂ ਵਿਚ ਕਿਹਾ ਗਿਆ ਹੈ :

ਆਹ ਲੈ ਨੱਤੀਆਂ
ਕਰਾ ਲੈ ਪਿੱਪਲ ਪੱਤੀਆਂ
ਕਿਸੇ ਨਾਲ ਗੱਲ ਨਾ ਕਰੀਂ...

**ਤੁੰਗਲ** : ਤੁੰਗਲ ਗੋਲ ਚੂੜੀਆਂ ਵਾਂਗ ਪਲੇਨ ਡੰਡੀਆਂ ਨੂੰ ਕਹਿੰਦੇ ਸਨ।

**ਕੋਕਰੂ** : ਕੋਕਰੂ ਕੰਨ ਦੀ ਗਲੀ ਦੇ ਬਾਹਰਲੇ ਵਧਵੇਂ ਭਾਗ ਵਿਚ ਪਹਿਨੇ ਜਾਂਦੇ ਸਨ। ਗਾਇਕ ਗੁਰਦਾਸ ਮਾਨ ਨੇ ਇਸ ਗਹਿਣੇ ਦੀ ਮਹੱਤਤਾ ਬਾਰੇ ਬੜੇ ਸੁੰਦਰ ਸ਼ਬਦਾਂ ਵਿਚ ਗਾਇਆ ਹੈ :

ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ
ਕੰਨਾਂ ਵਿਚ ਕੋਕਰੂ ਤੇ ਵਾਲੀਆਂ ਵੀ ਗਈਆਂ
ਰੇਸ਼ਮੀ ਦੁਪੱਟੇ, ਡੋਰੇ ਜਾਲੀਆਂ ਵੀ ਗਈਆਂ
ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ
ਚੱਲ ਪਏ ਵਿਦੇਸ਼ੀ ਬਾਣੇ
ਓ ਕੀ ਬਣੂ ਦੁਨੀਆਂ ਦਾ...

**ਬੂਜਲੀਆਂ** : ਇਹ ਸਿਲਾਈ ਮਸ਼ੀਨ ਦੀ ਫਿਰਕੀ ਵਾਂਗ ਇਕ ਗਹਿਣਾ ਸੀ ਜੋ ਕੰਨਾਂ ’ਚ ਵੱਡੀਆਂ ਗਲੀਆਂ ਕਢਵਾ ਕੇ ਪਹਿਨਿਆਂ ਜਾਂਦਾ ਸੀ।

### ਨੱਕ ਦੇ ਗਹਿਣੇ

***ਤੀਲੀ*** *: ਮੁਟਿਆਰਾਂ ਨੱਕ ਵਿਚ ਤੀਲੀ ਬਹੁਤ ਚਾਅ ਨਾਲ ਪਾਉਂਦੀਆਂ ਸਨ। ਤੀਲੀ ਅਸਲ ਵਿਚ ਇਕ ਬਾਰੀਕ ਮੇਖ-ਨੁਮਾ ਗਹਿਣਾ ਹੁੰਦਾ ਸੀ, ਜਿਸ ਉੱਪਰ ਇਕ ਛੋਟਾ ਜਿਹਾ ਨਗ ਲੱਗਾ ਹੁੰਦਾ ਸੀ।*

***ਲੌਂਗ*** *: ਇਹ ਇਕ ਹੋਰ ਸੁੰਦਰ ਗਹਿਣਾ ਸੀ, ਜਿਸ ਦੇ ਗੁਆਚਣ ਦੇ ਨੂੰ ਪੰਜਾਬੀ ਲੋਕ ਗੀਤਾਂ ਵਿਚ ਕਲਮਬੰਦ ਕੀਤਾ ਗਿਆ ਹੈ।*

*ਚੀਰੇ ਵਾਲਿਆ ਵੇਖਦਾ ਆਈਂ ਵੇ*
*ਮੇਰਾ ਲੌਂਗ ਗੁਆਚਾ...*

*ਲੌਂਗ ਵਿਚਾਲੇ ਇਕ ਵੱਡਾ ਨਗ ਜੜ੍ਹਿਆ ਹੁੰਦਾ ਸੀ। ਇਸ ਨੂੰ ਆਲੇ-ਦੁਆਲਿਓਂ ਹੋਰ ਛੋਟੇ ਨਗਾਂ ਨੇ ਘੇਰਿਆ ਹੁੰਦਾ ਸੀ। ਤੀਲੀ ਅਤੇ ਲੌਂਗ ਵਿੱਚੋਂ ਵਧੇਰੇ ਸੁੰਦਰ ਕੌਣ ਹੈ ਇਸ ਦਾ ਫ਼ੈਸਲਾ ਕਰਨਾ ਬਹੁਤ ਕਠਿਨ ਜਾਪਦਾ ਸੀ। ਤਾਂਹੀਓਂ ਤਾਂ ਲੋਕ ਗੀਤਾਂ ਵਿਚ ਕਿਹਾ ਗਿਆ ਹੈ :*

*ਤੀਲੀ ਲੌਂਗ ਦਾ ਮੁਕੱਦਮਾ ਭਾਰੀ*
*ਥਾਣੇਦਾਰਾ ਸੋਚ ਕੇ ਕਰੀਂ...*

***ਮੱਛਲੀ*** *: ਮੱਛਲੀ ਨੱਕ ਦੀਆਂ ਦੋਵਾਂ ਨਾਸਾਂ ਦੇ ਵਿਚਕਾਰਲੀ ਹੱਡੀ ਵਿਚ ਪਹਿਨੀ ਜਾਂਦੀ ਸੀ।*

***ਨੱਥ*** *: ਇਹ ਵਿੰਨ੍ਹੇ ਨੱਕ ਦੀ ਗਲੀ ਤੋਂ ਸ਼ੁਰੂ ਹੋ ਕੇ ਇਕ ਗੁਲਾਈ ਦੀ ਤਰ੍ਹਾਂ ਖੱਬੇ ਪਾਸੇ ਵਾਲਾਂ ਨਾਲ ਜਾ ਕੇ ਜੁੜ ਜਾਂਦੀ ਸੀ।*

*ਇਨ੍ਹਾਂ ਗਹਿਣਿਆਂ ਤੋਂ ਇਲਾਵਾ ਨੱਕ ਵਿਚ ਕੋਕਾ, ਬੁਲਾਕ, ਮੇਖ, ਬੇਸਰਾ ਅਤੇ ਨੁਕਰਾ ਆਦਿ ਨੱਕ ਦੀ ਸੁੰਦਰਤਾ ਲਈ ਗਹਿਣੇ ਪਹਿਨਣ ਦਾ ਰਿਵਾਜ ਸੀ। ਇਨ੍ਹਾਂ ਵਿੱਚੋਂ ਸਭ ਤੋਂ ਪ੍ਰਸਿੱਧ ਨੱਥ ਹੁੰਦੀ ਸੀ।*

ਉਪਰੋਕਤ ਗਹਿਣਿਆਂ ਤੋਂ ਇਲਾਵਾ ਕੰਨਾਂ ਵਿਚ ਕਾਂਟੇ, ਢੇਡੂ, ਝੁਮਕੇ, ਡੰਡੀਆਂ, ਲੋਟਣ, ਬੁੰਦੇ, ਸੋਨ ਚਿੜੀਆਂ, ਟੌਪਸ, ਕੰਢੀ, ਝੁਮਕੇ, ਰੇਲਾਂ, ਮਾਮੇ-ਮੁਰਕੀਆਂ ਅਤੇ ਬਹਾਦਰਨੀਆਂ ਆਦਿ ਗਹਿਣੇ ਪਹਿਨੇ ਜਾਂਦੇ ਸਨ।

### ਵੀਣੀਆਂ ਦਾ ਸ਼ਿੰਗਾਰ

**ਪਰੀਬੰਦ** : ਇਹ ਬਾਹਾਂ ’ਚ ਪਾਉਣ ਵਾਲਾ ਬਹੁਤ ਹੀ ਮਸ਼ਹੂਰ ਗਹਿਣਾ ਸੀ। ਇਹ ਚੂੜੇ ਦੇ ਵਿਚਾਲੇ ਪਾਇਆਂ ਜਾਂਦਾ, ਇਸ ਨੂੰ ਛੋਟੇ-ਛੋਟੇ ਘੁੰਗਰੂਆਂ ਨਾਲ ਸਜਾਇਆ ਹੁੰਦਾ ਸੀ। ਇਹ ਘੁੰਗਰੂ ਬਾਂਹ ਹਿੱਲਦਿਆਂ ਹੀ ਆਪਣੀ ਛਣ-ਛਣ ਦਾ ਸ਼ੋਰ ਸ਼ੁਰੂ ਕਰ ਦਿੰਦੇ ਸਨ।

**ਗਜਰੇ** : ਇਹ ਚੂੜੀਆਂ ਦੀ ਤਰ੍ਹਾਂ ਬਾਹਾਂ ਦੇ ਗਹਿਣੇ ਸਨ। ਇਨ੍ਹਾਂ ਵਿਚ ਗਲੀਆਂ ਹੁੰਦੀਆਂ ਸਨ ਪਰ ਆਟਾ ਗੁੰਨਣ ਸਮੇਂ ਇਨ੍ਹਾਂ ਵਿਚ ਆਟਾ ਫਸ ਜਾਣ ਦੇ ਝੰਜਟੋਂ ਕਈ ਸਵਾਣੀਆਂ ਬਗ਼ੈਰ ਗਲੀਆਂ ਦੇ ਗਜਰੇ ਪਹਿਨਦੀਆਂ ਸਨ। ਇਨਾਂ ਨੂੰ ਘੜੀ ਵਾਂਗ ਚਾਬੀ ਲੱਗੀ ਹੁੰਦੀ ਸੀ। ਇਹ ਗਜਰੇ ਬਾਂਹਾਂ ’ਚ ਪਹਿਨਣ ਤੋਂ ਬਾਅਦ ਇਨ੍ਹਾਂ ਨੂੰ ਲੱਗੀ ਚਾਬੀ ਨਾਲ ਚੰਗੀ ਤਰ੍ਹਾਂ ਕਸ ਦਿੱਤਾ ਜਾਂਦਾ ਸੀ। ਵੀਣੀ ਦੇ ਇਨ੍ਹਾਂ ਗਹਿਣਿਆਂ ਤੋਂ ਇਲਾਵਾ ਬਾਜੂਬੰਦ, ਗੋਖੜੂ, ਪਹੁੰਚੀ, ਕੰਗਣ ਅਤੇ ਕਲੀਰੇ ਆਦਿ ਪ੍ਰਮੁੱਖ ਗਹਿਣੇ ਸਨ ਜੋ ਔਰਤਾਂ ਦੀਆਂ ਵੀਣੀਆਂ ਦੇ ਸ਼ਿੰਗਾਰ ਸਨ।

### ਗਲ਼ੇ ਦਾ ਸ਼ਿੰਗਾਰ ਗਹਿਣੇ

**ਤੱਗਾ, ਹਮੇਲ, ਇਨਾਮ ਅਤੇ ਬੁਘਤੀਆਂ** : ਗਲੇ ਵਿਚ ਧਾਗੇ ਨੂੰ ਮੇਲ ਕੇ ਇਸ ’ਚ ਜੇਕਰ ਪੌਂਡ ਪਾਏ ਜਾਣ ਤਾਂ ਇਹ ਤੱਗਾ ਕਹਾਉਂਦਾ ਸੀ। ਰੁਪਏ ਪਾਏ ਜਾਣ ਤਾਂ ਹਮੇਲ । ਜੇਕਰ ਸੋਨੇ ਦੇ ਪੈਸੇ ਹੋਣ ਤਾਂ ਬੁਘਤੀਆਂ ਅਤੇ ਤਿਕੋਣੇ ਤਵੀਤ ਹੋਣ ਤਾਂ ਇਨਾਮ ਕਹਾਉਂਦਾ ਸੀ।



**ਸੌਂਕਣ ਮੋਹਰਾ** : ਜਦੋਂ ਕਿਸੇ ਵਿਅਕਤੀ ਦੀ ਪਤਨੀ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਤੋਂ ਬਾਅਦ ਦੂਸਰੀ ਪਤਨੀ ਨੂੰ ਇਕ ਸੋਨੇ ਦਾ ਹਾਰ ਬਣਵਾ ਕੇ ਦਿੱਤਾ ਜਾਂਦਾ ਸੀ, ਜਿਸ ਨੂੰ ਸੌਂਕਣ ਮੋਹਰਾ ਕਹਿੰਦੇ ਸਨ।

**ਜੁਗਨੀ** : ਜੁਗਨੀ ਵੀ ਗਲ਼ੇ ਦਾ ਇਕ ਮਹੱਤਵਪੂਰਨ ਗਹਿਣਾ ਸੀ। ਜੁਗਨੀ ਹਾਰ ਦੇ ਮੱਧ ਵਿਚ ਆ ਕੇ ਹੇਠਾਂ ਵੱਲ ਨੂੰ ਲਟਕਦੀ ਦਿਖਾਈ ਦਿੰਦੀ ਸੀ ਤੇ ਇਸ ਦੇ ਖੱਬੇ ਅਤੇ ਸੱਜੇ ਪਾਸੇ ਹਰੇ ਤੇ ਲਾਲ ਨਗ ਲੱਗੇ ਹੁੰਦੇ ਸਨ।

ਗਲ਼ੇ ਵਿਚ ਉਪਰੋਕਤ ਗਹਿਣਿਆਂ ਤੋਂ ਇਲਾਵਾ ਜੰਜੀਰੀ, ਚੌਂਕੀ, ਹੱਸ, ਰਾਣੀਹਾਰ, ਤਵੀਤ, ਮੱਖੀ, ਹੌਲਦਿਲੀ, ਚੁਟਾਲਾ, ਲੌਕਟ, ਪੈਂਡਲ, ਸਿੰਘ-ਤਵੀਤ, ਗੁਲੂਬੰਦ, ਤੰਦੀਰਾ, ਮਾਲਾ, ਨੌਰਤਨਾ ਸੈੱਟ ਆਦਿ ਗਹਿਣੇ ਮੁਟਿਆਰਾਂ ਦੇ ਹੁਸਨ ਦਾ ਸ਼ਿੰਗਾਰ ਸਨ। ਕਈ ਕੁੜੀਆਂ ਜਾਂ ਔਰਤਾਂ ਕੀਮਤੀ ਮੋਤੀਆਂ ਦੀ ਮਾਲਾ ਨੂੰ ਵੀ ਆਪਣੇ ਗਲ਼ੇ ਦਾ ਸ਼ਿੰਗਾਰ ਬਣਾਉਂਦੀਆਂ।



### ਉਂਗਲਾਂ ’ਚ ਪਾਏ ਜਾਣ ਵਾਲੇ ਗਹਿਣੇ

ਉਂਗਲਾਂ ਵਿਚ ਮੁੰਦਰੀ, ਛਾਪ, ਕਲੀਚੜੀ ਅਤੇ ਆਰਸੀ ਆਦਿ ਗਹਿਣੇ ਪਹਿਨੇ ਜਾਂਦੇ ਸਨ।

### ਪੈਰਾਂ ਵਿਚ ਪਾਏ ਜਾਣ ਵਾਲੇ ਗਹਿਣੇ

ਪੈਰਾਂ ਦੀਆਂ ਪੰਜ ਉਂਗਲਾਂ ਵਿਚ ਇੱਕੋ ਜਿਹੀਆਂ ਪੰਜ ਛਾਪਾਂ ਪਹਿਨੀਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪੰਜ-ਅੰਗਲਾਂ ਕਹਿੰਦੇ ਸਨ। ਇਨ੍ਹਾਂ ਤੋਂ ਇਲਾਵਾ ਪੰਜੇਬਾਂ, ਪਟੜੀਆਂ, ਲੱਛੇ, ਝਾਂਜਰਾਂ, ਬਾਂਕਾਂ ਅਤੇ ਬਿਛੂਏ ਆਦਿ ਪੈਰਾਂ ਦੀਆਂ ਉਂਗਲਾਂ ਵਿਚ ਪਹਿਨੇ ਜਾਣ ਵਾਲੇ ਗਹਿਣੇ ਸਨ।

ਸ਼ੁਕੀਨ ਮੁੰਡੇ ਤੇ ਮਰਦ ਕੈਂਠਾ, ਸੋਨੇ ਦਾ ਕੜਾ, ਸੋਨੇ ਦੀ ਜ਼ੰਜੀਰੀ, ਨੱਤੀਆਂ ਅਤੇ ਕੰਨਾਂ ਵਿਚ ਬਾਲੇ ਆਦਿ ਗਹਿਣੇ ਪਹਿਨਦੇ ਸਨ। ਬੱਚੇ ਸਗਲੇ ਪੌਂਟੇ ਪਹਿਨਦੇ ਸਨ। ਇਨ੍ਹਾਂ ਬੇਸ਼ੁਮਾਰ ਸੋਨੇ-ਚਾਂਦੀ ਦੇ ਪੁਰਾਤਨ ਲੋਕ ਗਹਿਣਿਆਂ ਦੀ ਥਾਂ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਸਟੋਨ-ਮੈਟਲ, ਤਾਂਬਾ, ਲੋਹਾ, ਪਿੱਤਲ, ਅਤੇ ਏਡੀ (ਅਮਰੀਕਨ ਡਾਇਮੰਡ) ਆਦਿ ਨੇ ਲੈ ਲਈ ਹੈ। ਇਸ ਤਰ੍ਹਾਂ ਸੋਨਾ ਮਹਿੰਗਾ ਹੋਣ ਕਰਕੇ, ਸੋਨੇ ਦੇ ਗਹਿਣਿਆਂ ਦਾ ਮੰਗ ਘਟ ਗਈ।

### ਵਾਲਾਂ ’ਚ ਗੁੰਦੇ ਜਾਣ ਵਾਲੇ ਗਹਿਣੇ

**ਸੱਗੀ ਫੁੱਲ** : ਔਰਤਾਂ ਆਪਣੇ ਵਾਲਾਂ ਨੂੰ ਸ਼ਿੰਗਾਰਨ ਲਈ ਸਿਰ ਉੱਪਰ ਸੱਗੀ ਤੇ ਫੁੱਲ ਸਜਾਉਂਦੀਆਂ ਸਨ। ਸਿਰ ਦੇ ਪਿਛਲੇ ਹਿੱਸੇ ਉੱਤੇ ਵਾਲਾਂ ਦੀਆਂ ਮੀਢੀਆਂ ਕਰ ਕੇ ਖੱਬੇ ਅਤੇ ਸੱਜੇ ਪਾਸੇ ਦੋ ਫੁੱਲ ਲਗਾਏ ਜਾਂਦੇ ਸਨ ਅਤੇ ਇਨ੍ਹਾਂ ਫੁੱਲਾਂ ਦੇ ਐਨ ਵਿਚਕਾਰ ਸੱਗੀ ਲਗਾਈ ਜਾਂਦੀ ਸੀ। ਕਈ ਔਰਤਾਂ ਸੱਗੀ ਅਤੇ ਫੁੱਲ ਸਿਰ ਦੇ ਅਗਲੇ ਹਿੱਸੇ ’ਤੇ ਵੀ ਲਗਾਉਂਦੀਆਂ ਸਨ।

**ਸ਼ਿੰਗਾਰ ਪੱਟੀ** : ਸ਼ਿੰਗਾਰ ਪੱਟੀ ਮੱਥੇ ਤੋਂ ਦੋਵਾਂ ਕੰਨਾਂ ਵੱਲ ਨੂੰ ਕੁੱਬੇ ਘੁਮਾਓ ਦੇ ਰੂਪ ਵਿਚ ਲਟਕਦੀ ਦਿਖਾਈ ਦਿੰਦੀ ਸੀ।

**ਟਿੱਕਾ** : ਟਿੱਕਾ ਮੱਥੇ ਤੋਂ ਸ਼ੁਰੂ ਹੋ ਕੇ ਵਾਲਾਂ ਦੇ ਮੱਧ ’ਚ ਜਾ ਕੇ ਜੁੜ ਜਾਂਦਾ ਸੀ।

**ਕਲਿੱਪ** : ਇਹ ਸਿਰ ਦੇ ਪਿਛਲੇ ਹਿੱਸੇ ’ਚ ਵਾਲਾਂ ਵਿਚਲੇ ਚੀਰ ਦੇ ਖੱਬੇ ਅਤੇ ਸੱਜੇ ਪਾਸੇ ਲਗਾਏ ਜਾਂਦੇ ਸਨ। ਇਹ ਆਪਸ ਵਿਚ ਮੇਲੇ ਹੋਏ ਧਾਗੇ ਨਾਲ ਜੁੜੇ ਹੁੰਦੇ ਸਨ।

**ਝੂੰਮਰ ਸੂਈ** : ਇਹ ਵਾਲਾਂ ਵਿਚ ਟੇਢਾ ਚੀਰ ਕੱਢ ਕੇ ਖੱਬੇ ਭਰਵੱਟੇ ਦੇ ਐਨ ਉੱਪਰ ਆ ਟਿਕਦੀ ਸੀ। ਇਸ ਤੋਂ ਇਲਾਵਾ ਬਘਿਆੜੀ, ਠੂੰਠੀਆਂ, ਦਾਉਣੀ, ਛੱਬਾ, ਚੌਂਕ, ਬੰਦ ਅਤੇ ਬੋਰਲਾ ਆਦਿ ਵਾਲਾਂ ਵਿਚ ਸਜਾਏ ਜਾਣ ਵਾਲੇ ਪ੍ਰਮੁੱਖ ਗਹਿਣੇ ਸਨ। ਇਸ ਤੋਂ ਇਲਾਵਾ ਵਾਲਾ ਨੂੰ ਵੱਖਰੇ-ਵੱਖਰੇ ਢੰਗ ਨਾਲ ਸਜਾਇਆ ਜਾਂਦਾ ਸੀ।



---

**ਪੱਛਮੀਕਰਨ ਦੇ ਦੌਰ ਵਿਚ ਖੇਤਰੀ ਸੱਭਿਆਚਾਰ ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬੀ ਸੱਭਿਆਚਾਰ ਜਿਸ ਵਿਚ ਖਾਣਾ-ਪੀਣਾ, ਪਹਿਰਾਵਾ, ਲੋਕ ਗੀਤ, ਮਨ ਪ੍ਰਚਾਵੇ ਦੇ ਸਾਧਨ ਅਤੇ ਰਸਮ-ਰਿਵਾਜ ਆਦਿ ਜੋ ਸਾਡੀ ਪੰਜਾਬੀਅਤ ਦਾ ਪਛਾਣ ਪੱਤਰ ਸਨ, ਹੌਲੀ-ਹੌਲੀ ਆਪਣੀ ਹੋਂਦ ਗੁਆ ਰਹੇ ਹਨ।**

# ਸੱਭਿਆਚਾਰ ਨੂੰ ਪ੍ਰਭਾਵਿਤ ਕਰਨ ਵਾਲੇ ਸੱਤ ਤੱਤ

ਪੰਜਾਬੀ ਸੱਭਿਆਚਾਰ ਇਕ ਮਿਸ਼ਰਤ ਸੱਭਿਆਚਾਰ ਹੈ। ਕਿਉਂਕਿ ਪੰਜਾਬ ਭਾਰਤ ਦਾ ਮੁੱਖ ਦਵਾਰ ਰਿਹਾ ਹੈ। ਇਸੇ ਕਾਰਨ ਸਾਰੇ ਬਦੇਸ਼ੀ ਹਮਲਾਵਰਾਂ ਨੂੰ ਪਹਿਲਾਂ ਪੰਜਾਬੀਆਂ ਨਾਲ ਹੀ ਮੁਕਾਬਲਾ ਕਰਨਾ ਪਿਆ ਹੈ। ਉਨ੍ਹਾਂ ਦੇ ਸੱਭਿਆਚਾਰ ਦਾ ਪੰਜਾਬੀ ਸੱਭਿਆਚਾਰ ’ਤੇ ਪ੍ਰਭਾਵ ਪੈਣਾ ਕੁਦਰਤੀ ਸੀ। ਵਿਦਵਾਨ ਲੋਕਾਂ ਦਾ ਵਿਚਾਰ ਹੈ ਕਿ ਇਸ ਸੱਭਿਆਚਾਰ ਨੂੰ ਸਿਰਜਣ ਲਈ ਘੱਟੋ-ਘੱਟ ਛੇ ਨਸਲਾਂ, ਜਿਹੜੀਆਂ ਅੱਗੇ ਨੌਂ ਉਪ ਨਸਲਾਂ ਵਿਚ ਵੰਡੀਆਂ ਹੋਈਆਂ ਸਨ ਦਾ ਵਿਸ਼ੇਸ਼ ਯੋਗਦਾਨ ਹੈ। ਅੰਗਰੇਜ਼ਾਂ ਦੇ ਆਉਣ ਨਾਲ ਭਾਰਤ ਵਿਚ ਇਕ ਨਵੀਂ ਪ੍ਰਕਾਰ ਦਾ ਸੱਭਿਆਚਾਰ ਜਿਸ ਨੂੰ ਮਹਾਨਗਰ ਸੱਭਿਆਚਾਰ ਕਿਹਾ ਜਾ ਸਕਦਾ ਹੈ, ਹੋਂਦ ਵਿਚ ਆਇਆ। ਕਲਕੱਤਾ, ਮੁੰਬਈ, ਮਦਰਾਸ ਆਦਿ ਇਸ ਸੱਭਿਆਚਾਰ ਦੇ ਪ੍ਰਥਮ ਕੇਂਦਰਾਂ ਵਿੱਚੋਂ ਸਨ। ਇਹ ਉਹ ਥਾਵਾਂ ਸਨ ਜਿੱਥੇ ਪੱਛਮੀ ਵਪਾਰਕ ਕੰਪਨੀਆਂ ਦਾ ਪ੍ਰਭਾਵ ਆਰੰਭ ਵਿਚ ਵਧੇਰੇ ਤੀਰਬ ਰਿਹਾ ਜਿਸ ਨਾਲ ਇਕ ਨਵੀਂ ਸੱਭਿਆਚਾਰਕ ਤਬਦੀਲੀ ਆਈ ਅਰਥਾਤ ਪੱਛਮੀ ਰਹਿਣੀ-ਬਹਿਣੀ, ਖਾਣ-ਪੀਣ, ਪਹਿਨਣ, ਸਾਹਿਤ, ਭਾਸ਼ਾ ਨੇ ਲੋਕਾਂ ਨੂੰ ਆਪਣੇ ਰੰਗ ਵਿਚ ਰੰਗਣਾ ਸ਼ੁਰੂ ਕਰ ਦਿੱਤਾ। ਇਹ ਪ੍ਰਭਾਵ ਹੌਲੀ-ਹੌਲੀ ਪੰਜਾਬ ਤਕ ਵੀ ਪੁੱਜਾ। ਪੱਛਮੀਕਰਨ ਦੇ ਦੌਰ ਵਿਚ ਸਾਡਾ ਆਪਣਾ ਖੇਤਰੀ ਸੱਭਿਆਚਾਰ ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬੀ ਸੱਭਿਆਚਾਰ ਜਿਸ ਵਿਚ ਪੰਜਾਬ ਦਾ ਖਾਣਾ-ਪੀਣਾ, ਪਹਿਰਾਵਾ, ਲੋਕ ਗੀਤ, ਮਨ ਪ੍ਰਚਾਵੇ ਦੇ ਸਾਧਨ ਅਤੇ ਰਸਮ-ਰਿਵਾਜ ਆਦਿ ਜੋ ਕਿ ਸਾਡੀ ਪੰਜਾਬੀਅਤ ਦਾ ਪਛਾਣ ਪੱਤਰ ਸਨ, ਹੌਲੀ-ਹੌਲੀ ਆਪਣੀ ਹੋਂਦ ਗੁਆ ਰਹੇ ਹਨ। ਇਸ ਦੇ ਨਾਲ ਸਾਨੂੰ ਕਈ ਨਫ਼ੇ ਵੀ ਹਨ ਅਤੇ ਨੁਕਸਾਨ ਵੀ ਪਰ ਨਫ਼ੇ ਇਸ ਦੇ ਘੱਟ ਤੇ ਨੁਕਸਾਨ ਵਧੇਰੇ ਦਿਖਾਈ ਦਿੰਦੇ ਹਨ। ਅੰਗਰੇਜ਼ਾਂ ਦਾ ਭਾਰਤ ਵਿਚ ਪ੍ਰਵੇਸ਼ ਇਕ ਵੱਖਰੀ ਕਿਸਮ ਦਾ ਸੀ ਜਿਸ ਦਾ ਉਦੇਸ਼ ਪ੍ਰਤਿਭਾ ਵਾਲੀ ਕੌਮ ਦਾ ਉਪਨਿਵੇਸ਼ੀ ਢੰਗ ਦਾ ਅਜਿਹਾ ਰਾਜ ਸਥਾਪਿਤ ਕਰਨਾ ਸੀ ਜਿਸ ਦੇ ਵਿਚ ਇੱਥੋਂ ਦੀ ਵਸੋਂ ਦਾ ਅੰਗ ਬਣਨ ਦੀ ਥਾਂ ਜਾਂ ਇੱਥੋਂ ਕਿਸੇ ਪ੍ਰਕਾਰ ਦਾ ਕੁਝ ਗ੍ਰਹਿਣ ਕਰਨ ਦੀ ਬਜਾਇ, ਨਿਰੋਲ ਹਾਕਮ ਤੇ ਮਹਿਕੂਮ ਵਾਲੇ ਸਬੰਧਾਂ ਰਾਹੀਂ ਇੱਥੇ ਸ਼ਕਤੀਸ਼ਾਲੀ ਢੰਗਾਂ ਦਾ ਸਾਮਰਾਜ ਸਥਾਪਿਤ ਕਰਨਾ ਅਤੇ ਰਾਜ ਪ੍ਰਬੰਧ ਵਿਚ ਅਜਿਹੀਆਂ ਵਿਧੀਆਂ ਤੇ ਨੀਤੀਆਂ ਨੂੰ ਅਪਨਾਉਣਾ ਸ਼ਾਮਿਲ ਸੀ, ਜਿੰਨ੍ਹਾਂ ਦੁਆਰਾ ਨਵੇਂ ਪ੍ਰਾਪਤ ਕੀਤੇ ਰਾਜ ਨੂੰ ਵੱਧ ਤੋਂ ਵੱਧ ਚਿਰ ਸਥਾਈ ਗ਼ੁਲਾਮ ਬਣਾਇਆ ਜਾ ਸਕੇ। ਅੰਗਰੇਜ਼ ਕੌਮ ਦੀ ਇਹ ਨੀਤੀ ਸਫਲ ਰਹੀ ਹੈ। ਅਸੀਂ ਅੱਜ ਵੀ ਸੱਭਿਆਚਾਰਕ ਤੌਰ ’ਤੇ ਅੰਗਰੇਜ਼ਾਂ ਦੇ ਗ਼ੁਲਾਮ ਹਾਂ। ਉਪਰੋਕਤ ਨੀਤੀ ਦੇ ਦੋ ਵਿਸ਼ੇਸ਼ ਪੱਖ ਦ੍ਰਿਸ਼ਟੀਗੋਚਰ ਹਨ। ਪਹਿਲੇ ਅੰਗਰੇਜ਼ ਭਾਰਤੀਆਂ ਨੂੰ ਸੱਭਿਆਚਾਰਕ ਤੌਰ ’ਤੇ ਗ਼ੁਲਾਮ ਬਣਾਉਣਾ ਚਾਹੁੰਦੇ ਸਨ ਅਤੇ ਦੂਜਾ ਇਨ੍ਹਾਂ ਦੇ ਧਰਮ ਨੂੰ ਪਛੜਿਆ ਹੋਇਆ, ਅੰਧ-ਵਿਸ਼ਵਾਸੀ ਅਤੇ ਅਵਿਗਿਆਨਕ ਸਿੱਧ ਕਰ ਕੇ ਭਾਰਤੀਆਂ ਦੇ ਧਰਮ ਦੀ ਬਦਲੀ ਕਰਨੀ ਚਾਹੁੰਦੇ ਸਨ। ਸੱਭਿਆਚਾਰਕ ਤਬਦੀਲੀ ਲਈ ਉਨ੍ਹਾਂ ਨੇ ਪੱਛਮੀ ਵਿੱਦਿਅਕ ਪ੍ਰਣਾਲੀ ਚਾਲੂ ਕੀਤੀ ਜਿਸ ਦਾ ਉਦੇਸ਼ ਇੱਥੋਂ ਦੇ ਨੌਜਵਾਨਾਂ ਦੀ ਸੋਚਧਾਰਾ, ਖਾਣ-ਪੀਣ, ਪਹਿਨਣ ਅਤੇ ਉਨ੍ਹਾਂ ਦੀਆਂ ਸਾਹਿਤਕ ਰੁਚੀਆਂ ਨੂੰ ਪਰਿਵਰਤਿਤ ਕਰਨਾ ਸੀ। ਉਨ੍ਹਾਂ ਨੇ ਇਸਾਈ ਪ੍ਰਚਾਰਕਾਂ ਨੂੰ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਉਤਸ਼ਾਹਿਤ ਕੀਤਾ।

***ਜੇਕਰ ਪਿਛਲ ਝਾਤ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਸ਼ੁਰੂ ਵਿਚ ਸਾਡਾ ਖੇਤਰੀ ਪਹਿਰਾਵਾ ਜਿਸ ਵਿਚ ਪੁਰਸ਼ ਧੋਤੀ-ਕੁੜਤਾ ਪਹਿਨਦੇ ਸਨ ਹੁਣ ਲਗਪਗ ਲੋਪ ਹੋ ਚੁੱਕਾ ਹੈ।***



### ਖਾਣ-ਪੀਣ

*ਪੱਛਮੀਕਰਨ ਨੇ ਸਾਡੇ ਖਾਣ-ਪੀਣ ਦੀਆਂ ਆਦਤਾਂ ਅਤੇ ਖਾਣ-ਪੀਣ ਦੇ ਪਦਾਰਥਾਂ ਨੂੰ ਕਾਫ਼ੀ ਹੱਦ ਤਕ ਪ੍ਰਭਾਵਿਤ ਕੀਤਾ ਹੈ। ਉਦਾਹਰਣ ਦੇ ਲਈ ਸਾਡਾ ਰਾਜ ਪੰਜਾਬ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਦਹੀ, ਲੱਸੀ, ਮੱਖਣ ਲਈ ਜਾਣਿਆ ਜਾਂਦਾ ਸੀ ਪਰ ਹੁਣ ਕੋਲਡ ਡਰਿੰਕ, ਪੀਜ਼ਾਂ, ਬਰਗਰ ਅਤੇ ਚਾਈਨੀਜ਼ ਫੂਡ ਹੋਟਲਾਂ ਅਤੇ ਰੈਸਟੋਰੈਂਟਾਂ ਵਿਚ ਆ ਗਏ ਹਨ। ਹੁਣ ਇਹ ਖਾਣ-ਪੀਣ ਦੀਆਂ ਬਾਹਰੀ ਵਸਤਾਂ ਹੋਟਾਲਾਂ ਤੋਂ ਹੁੰਦੀਆਂ ਹੋਈਆਂ ਸਾਡੇ ਪੰਜਾਬੀ ਚੌਂਕਿਆਂ ਵਿਚ ਵੀ ਪ੍ਰਵੇਸ਼ ਕਰ ਗਈਆਂ ਹਨ। ਜਿੱਥੇ ਪੰਜਾਬ ਦੀ ਪਛਾਣ ਇੱਥੋਂ ਦੇ ਵਿਰਾਸਤੀ ਖਾਣੇ ਕਰਕੇ ਸੀ ਉਹ ਕਿੱਧਰੇ ਗੁਆਚਦੀ ਜਾ ਰਹੀ ਹੈ ਕਿਉਂਕਿ ਪੱਛਮੀਕਰਨ ਨੇ ਸਾਨੂੰ ਬਹੁਤ ਸਾਰੀਆਂ ਖਾਣ-ਪੀਣ ਦੀਆਂ ਵਸਤੂਆਂ ਦਿੱਤੀਆਂ ਹਨ।*



### ਸ਼ਹਿਰੀਕਰਨ ਤੇ ਮਸ਼ੀਨੀਕਰਨ

ਅੰਗਰੇਜ਼ੀ ਰਾਜ ਦੀ ਸਥਾਪਤੀ ਨਾਲ ਸਨਅਤੀ ਦੌਰ ਦਾ ਆਰੰਭ ਹੋਇਆ। ਲੋਕ ਪਿੰਡਾਂ ਦੀ ਥਾਂ ਸ਼ਹਿਰ ਵੱਸਣ ਲੱਗੇ। ਪਿੰਡਾਂ ਤੋਂ ਕਿਰਤੀ ਕਾਮੇ ਸ਼ਹਿਰ ਵਿਚ ਆਉਣ ਲੱਗੇ। ਪਿੰਡਾਂ ਦੀ ਆਬਾਦੀ ਘਟਣ ਲੱਗੀ। ਸਨਅਤੀ ਖੇਤਰ ਵਿਚ ਕਾਮੇ ਮਜ਼ਦੂਰਾਂ ਦੀ ਗਿਣਤੀ ਵਧਣ ਲੱਗੀ। ਸ਼ਹਿਰੀ ਸੱਭਿਆਚਾਰ ਦੀ ਹੋਂਦ ਨਾਲ ਇਕ ਨਵੀਂ ਸ਼੍ਰੇਣੀ ਪੈਦਾ ਹੋ ਗਈ। ਸ਼ਹਿਰੀ ਸੱਭਿਅਤਾ ਅਤੇ ਉਦਯੋਗਾਂ ਦੇ ਵਧਣ-ਫੁੱਲਣ ਨਾਲ ਪੈਦਾ ਹੋਈ ਨਵੀਂ ਪੜ੍ਹੀ ਲਿਖੀ ਮੱਧ ਸ਼੍ਰੇਣੀ ਸਭ ਤੋਂ ਪਹਿਲਾਂ ਇਸ ਵਿਰੋਧ ਦਾ ਅਖਾੜਾ ਬਣੀ। ਪਿੰਡਾਂ ਦੀ ਥਾਂ ਸ਼ਹਿਰਾਂ ਦਾ ਇਹ ਮਹੱਤਵ ਇਸ ਲਈ ਹੋ ਗਿਆ ਸੀ ਕਿਉਂਕਿ ਸ਼ਹਿਰ ਆਰਥਿਕ, ਸਮਾਜਿਕ, ਧਾਰਮਿਕ, ਰਾਜਸੀ ਸਰਗਰਮੀਆਂ ਦਾ ਕੇਂਦਰ ਬਣ ਗਏ ਸਨ। ਜਿਸ ਕਰਕੇ ਲੋਕਾਂ ਦਾ ਸ਼ਹਿਰ ਵੱਲ ਖਿੱਚੇ ਜਾਣਾ ਕੁਦਰਤੀ ਸੀ। ਸ਼ਹਿਰੀਕਰਣ ਨਾਲ ਪੇਂਡੂ ਸੱਭਿਅਤਾ ਲੋਪ ਹੋਣ ਲੱਗੀ। ਮਸ਼ੀਨੀ ਸੱਭਿਅਤਾ ਦੇ ਕਾਰਨ ਮਨੁੱਖ ਵਧੇਰੇ ਪਦਾਰਥਵਾਦੀ ਬਣ ਗਿਆ। ਉਸ ਦੇ ਜੀਵਨ ਵਿਚ ਬਨਾਵਟ ਤੇ ਜਟਲਤਾ ਆ ਗਈ। ਉਹ ਕੁਦਰਤ ਨਾਲੋਂ ਟੁੱਟ ਗਿਆ। ਪਿੰਡ ਦਾ ਲੁਹਾਰ, ਕਿਸਾਨ ਦਾ ਹਲ਼ ਬਣਾਉਂਦਾ ਸੀ ਪਰ ਮਸ਼ੀਨੀਕਰਨ ਨਾਲ ਇਨ੍ਹਾਂ ਦੀ ਥਾਂ ਟਰੈਕਟਰ, ਟਿਊਬਵੈੱਲ ਆ ਗਏ। ਮਨੁੱਖਾਂ ਦੇ ਰੁਝੇਵੇਂ ਵੀ ਵੱਧ ਗਏ। ਮਸ਼ੀਨੀਕਰਨ ਨਾਲ ਉਪਜ ਵਿਚ ਵੀ ਵਾਧਾ ਹੋਇਆ। ਉਹ ਇਕ ਵੱਖਰੀ ਕਿਸਮ ਦੀ ਜ਼ਿੰਦਗੀ ਜਿਊਣ ਲੱਗੇ। ਹੁਣ ਜੀਵਨ ਜਿਊਂਦੇ ਰਹਿਣ ਲਈ ਘੋਲ ਬਣ ਗਿਆ ਤੇ ਕੁਦਰਤੀ ਹੀ ਮਨੁੱਖ ਵਧੇਰੇ ਸਵੈ-ਕੇਂਦਰਤ ਸਵਾਰਥੀ ਅਤੇ ਮੋਹ ਦਾ ਪੁੱਤਰ ਬਣ ਦਾ ਗਿਆ।



ਪਰਿਭਾਸ਼ਾ : ਵਣਜਾਰਾ ਬੇਦੀ ਅਨੁਸਾਰ, ਪੰਜਾਬੀ ਸੱਭਿਆਚਾਰ ਦੀ ਆਪਣੀ ਹੀ ਗੌਰਵਮਈ ਵਿਲੱਖਣਤਾ ਹੈ, ਜੋ ਸਦੀਆਂ ਦੇ ਲੰਮੇ ਇਤਿਹਾਸਕ ਪੈਂਡੇ ਵਿਚ ਸਹਿਜ ਰੂਪ ਵਿਚ ਵਿਗਸੀ ਹੈ। ਇਸ ਸੱਭਿਆਚਾਰ ਦੇ ਨਿਰਮਾਣ ਵਿਚ ਉਨ੍ਹਾਂ ਅਨੇਕਾਂ ਆਰਿਆਈ, ਗ਼ੈਰ-ਆਰਿਆਈ ਤੇ ਬਦੇਸ਼ੀ ਜਾਤੀਆਂ ਦੇ ਸੰਸਕ੍ਰਿਤਕ ਤੱਤਾਂ, ਜੀਵਨ-ਜੁਗਤਾਂ ਤੇ ਪਰੰਪਰਾਵਾਂ ਨੇ ਬੜਾ ਅਹਿਮ ਹਿੱਸਾ ਪਾਇਆ ਹੈ ਜੋ ਇੱਥੋਂ ਦੀ ਵਸੋਂ ਵਿਚ ਰਲ਼ ਕੇ ਇਸ ਮੂਲ ਪਰਵਾਹ ਵਿਚ ਲੀਨ ਹੁੰਦੀਆਂ ਰਹੀਆਂ ਹਨ। ਇਸ ਲਈ ਨਸਲੀ ਸੰਜੋਗ ਦੇ ਫਲਸਰੂਪ ਪੰਜਾਬੀ ਸੱਭਿਆਚਾਰ ਇਕ ਬਹੁਬਿਧ, ਮਿੱਸਾ ਤੇ ਲਚਕਦਾਰ ਸਰੂਪ ਗ੍ਰਹਿਣ ਕਰ ਗਿਆ ਹੈ। ਈ. ਸੇਰੇਬਰੀਆਕੋਵ ਦੇ ਕਥਨ ਅਨੁਸਾਰ, ਭਾਰਤੀ ਬੁੱਧੀ ਵੇਤਾ ਬਰਤਾਨਵੀ ਸੱਭਿਆਚਾਰ ਦੇ ਸੰਪਰਕ ਵਿਚ ਆਏ ਤੇ ਇਸ ਰਾਹੀਂ ਹੀ ਹੋਰ ਯੂਰਪੀ ਰਾਸ਼ਟਰਾਂ ਦੇ ਸਬੰਧ ਵਿਚ ਪ੍ਰਾਕਿਰਤਕ ਵਿਗਿਆਨ ਅਤੇ ਅਗਾਂਹ-ਵਧੂ ਸਮਾਜਕ ਵਿਚਾਰ ਭਾਰਤ ਵਿਚ ਆ ਗਏ ਭਾਵੇਂ ਇਹ ਵਿਚਾਰ ਅਜੇ ਆਪਣੇ ਮੁੱਢਲੇ ਰੂਪ ਵਿਚ ਹੀ ਸਨ ਅਤੇ ਕੁਦਰਤੀ ਹੀ ਇਹ ਸਭ ਕੁਝ ਅਗਾਂਹ-ਵਧੂ ਵਿਕਾਸ ਵੱਲ ਨੂੰ ਲੈ ਕੇ ਗਿਆ। ਇਸ ਤੋਂ ਵੀ ਵਧੇਰੇ ਇਸੇ ਤੱਥ ਨੇ ਕਿ ਉਨ੍ਹਾਂ ਦਾ ਦੇਸ਼ ਬਸਤੀ-ਵਾਦ ਹੇਠ ਹੈ, ਭਾਰਤੀ ਬੁੱਧੀ-ਜੀਵੀਆਂ ਨੂੰ ਯੂਰਪੀ ਸੱਭਿਆਚਾਰ ਦੀਆਂ ਅਗਾਂਹ-ਵਧੂ ਅਤੇ ਕ੍ਰਾਂਤੀ-ਕਾਰੀ ਪ੍ਰਵਿਰਤੀਆਂ ਵਿਚ ਦਿਲਚਸਪੀ ਲੈਣ ਲਈ ਉਤੇਜਿਤ ਕੀਤਾ। ਲੂਨੀਆਂ ਦੇ ਕਥਨ ਅਨੁਸਾਰ, ਅੰਗਰੇਜ਼ ਭਾਰਤੀ ਲੋਕਾਂ ਦਾ ਇਕ ਅਜਿਹਾ ਵਰਗ ਕਾਇਮ ਕਰਨ ਵਿਚ ਇੱਛਕ ਸਨ ਜਿਹੜੇ ਲੱਖਾਂ ਗ਼ੁਲਾਮ ਭਾਰਤੀਆਂ ਦੇ ਸਨਮੁਖ ਅੰਗਰੇਜ਼ਾਂ ਦਾ ਪੱਖ ਪੂਰ ਸਕਣ। ਅਜਿਹੇ ਭਾਰਤੀ ਲੋਕਾਂ ਦਾ ਵਰਗ, ਜਿਹੜੇ ਰੰਗ ਜਾਂ ਖ਼ੂਨ ਕਰਕੇ ਤਾਂ ਭਾਰਤੀ ਹੋਣ ਪਰ ਸੁਹਜ, ਰਾਏ ਸਦਾਚਾਰ ਅਤੇ ਬੌਧਿਕਤਾ ਵਿਚ ਪੂਰੇ ਅੰਗਰੇਜ਼ ਹੋਣ। ਪੱਛਮੀਕਰਨ ਦੇ ਪ੍ਰਭਾਵ ਇਸ ਪੱਛਮੀਕਰਨ ਦੀ ਰੁਚੀ ਨੇ ਸਾਡੀ ਸੁੱਚਜੀ ਭਰਪੂਰ ਸ਼ਖ਼ਸੀਅਤ ਸਾਡੇ ਵਿਹਾਰ-ਸਲੀਕੇ, ਸਾਡੇ ਨਿੱਘੇ ਰਿਸ਼ਤਿਆਂ, ਸਾਡੀ ਨਿਆਰੀ ਜੀਵਨ ਜਾਚ ਨੂੰ ਇੰਨਾਂ ਝੰਜੋੜਿਆ ਅਤੇ ਪੈਰੋਂ ਕੱਢਿਆ ਹੈ ਕਿ ਅਸੀਂ ‘ਦੇਸੀ ਅੰਗਰੇਜ਼’ ਬਣ ਰਹੇ ਹਾਂ। ਪੰਜਾਬੀ ਸੱਭਿਆਚਾਰ ਵਿਚ ਰੂਪਾਂਤਰਨ ਦਾ ਇਹ ਅਮਲ ਇੰਨਾਂ ਵਿਆਪਕ ਅਤੇ ਡੂੰਘਾ ਹੈ ਕਿ ਸਾਡੇ ਪਹਿਰਾਵੇ, ਬੋਲੀ, ਸਾਹਿਤ, ਜੀਵਨ ਕੀਮਤਾਂ ਵਿਹਾਰਕ ਪੈਟਰਨ ਇੱਥੋਂ ਤਕ ਕਿ ਰਿਸ਼ਤੇ ਵੀ ਬਦਲ ਗਏ ਹਨ।



### ਪਹਿਰਾਵਾ

ਜੇਕਰ ਪਿਛਲ ਝਾਤ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਸ਼ੁਰੂ ਵਿਚ ਸਾਡਾ ਖੇਤਰੀ ਪਹਿਰਾਵਾ ਜਿਸ ਵਿਚ ਪੁਰਸ਼ ਧੋਤੀ-ਕੁੜਤਾ ਪਜ਼ਾਮਾ ਪਹਿਨਦੇ ਸਨ ਹੁਣ ਲਗਪਗ ਲੋਪ ਹੋ ਚੁੱਕਾ ਹੈ। ਹੁਣ 95% ਤੋਂ ਵੱਧ ਲੋਕ ਪੈਂਟ-ਸਰਟ ਪਹਿਨਣਾ ਪਸੰਦ ਕਰਦੇ ਹਨ। ਇੱਥੋਂ ਤਕ ਕਿ ਔਰਤਾਂ ਨੇ ਵੀ ਇਸ ਪਹਿਰਾਵੇ ਨੂੰ ਅਪਣਾ ਲਿਆ ਹੈ। ਸਾਡੀ ਨੌਜਵਾਨ ਪੀੜ੍ਹੀ ਹੁਣ ਆਪਣੇ ਸੱਭਿਆਚਾਰਕ ਪਹਿਰਾਵੇ ਨੂੰ ਛੱਡ ਕੇ ਜੀਨ ਤੇ ਟੀ. ਸ਼ਰਟ ਨੂੰ ਹੀ ਤਰਜੀਹ ਦੇ ਰਹੀ ਹੈ। ਪੱਛਮੀ ਜੀਵਨ ਢੰਗ ਅਤੇ ਫ਼ੈਸ਼ਨਾਂ ਦੀ ਅੰਧਾ-ਧੁੰਦ ਨਕਲ ਹੋ ਰਹੀ ਹੈ। ਇਸ ਲਈ ਹੁਣ ਕਿਸੇ ਵੀ ਖੇਤਰ ਦਾ ਪਹਿਰਾਵਾ ਓਥੋਂ ਦੇ ਲੋਕਾਂ ਦੇ ਧਰਮ ਜਾਂ ਸੱਭਿਆਚਾਰ ਦੀ ਪਛਾਣ ਦਾ ਚਿੰਨ੍ਹ ਨਹੀਂ ਰਿਹਾ। ਕਿਉਂਕਿ ਪੱਛਮੀਕਰਨ ਦੇ ਕਾਰਨ ਅਸੀਂ ਆਪਣੀ ਵੱਖਰੀ ਪਛਾਣ ਨੂੰ ਗੁਆ ਚੁੱਕੇ ਹਾਂ। ਇਸ ਕਰਕੇ ਸਾਡੇ ਪਹਿਰਾਵੇ ਦੇ ਨਾਲ ਹੀ ਸਾਡੇ ਸੱਭਿਆਚਾਰ ਦੀ ਪਛਾਣ ਗੁਆਚ ਚੁੱਕੀ ਹੈ।

### ਭਾਸ਼ਾ

ਪੱਛਮੀਕਰਨ ਨੇ ਸਾਡੀ ਖ਼ਾਲਸ ਪੰਜਾਬੀ ਭਾਸ਼ਾ ਨੂੰ ਵੀ ਪ੍ਰਭਾਵਿਤ ਕੀਤਾ। ਇਕ ਅਸਲ ਅਤੇ ਸ਼ੁੱਧ ਭਾਸ਼ਾ ਆਪਣੇ ਖ਼ਾਸ ਭੂਗੋਲਿਕ ਖੇਤਰ ਨੂੰ ਪਰਿਭਾਸ਼ਿਤ ਕਰਦੀ ਹੈ। ਪਰ ਸੰਸਾਰ ਵਿਚ ਵੱਧ ਰਹੀ ਅੰਗਰੇਜ਼ੀ ਭਾਸ਼ਾ ਦੀ ਪ੍ਰਸਿੱਧੀ ਨਾਲ ਸਾਡੀ ਸਥਾਨਕ ਭਾਸ਼ਾ ਪੰਜਾਬੀ ਆਪਣੀ ਹੋਂਦ ਗੁਆ ਰਹੀ ਹੈ। ਹੁਣ ਪੱਛਮੀਕਰਨ ਕਾਰਨ ਵਿਦੇਸ਼ੀ ਬੋਲੀ ਸਾਡੀ ਪੰਜਾਬੀ ਭਾਸ਼ਾ ਵਿਚ ਆਪਣੀ ਦਖ਼ਲ-ਅੰਦਾਜ਼ੀ ਕਰ ਰਹੀ ਹੈ। ਕਈ ਭਾਸ਼ਾ ਵਿਗਿਆਨੀ ਕਹਿੰਦੇ ਹਨ ਕਿ ਬਹੁਤ ਜਲਦ ਹੀ ਸਾਰਿਆਂ ਲਈ ਅੰਗਰੇਜ਼ੀ ਹੀ ਇਕ ਆਮ ਭਾਸ਼ਾ ਬਣ ਜਾਵੇਗੀ। ਹੁਣ ਪੰਜਾਬੀ ਭਾਸ਼ਾ ਦਾ ਸਰੂਪ ਲੋਪ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ ਇਸ ਨੇ ਤਾਂ ਪਹਿਲਾਂ ਹੀ ਆਪਣੀ ਸ਼ੁੱਧਤਾ ਅਤੇ ਮੌਲਿਕਤਾ ਗੁਆ ਲਈ ਹੈ। ਪੰਜਾਬ ਵਿਚ ਸਮੁੱਚੀ ਜਨ-ਸਿੱਖਿਆ ਦਾ ਇਕ ਤਿਹਾਈ ਹਿੱਸਾ ਅੰਗਰੇਜ਼ੀ ਬੋਲਣ ਵਾਲਿਆਂ ਦਾ ਬਣ ਚੁੱਕਾ ਹੈ।

### ਵਿੱਦਿਅਕ ਪ੍ਰਣਾਲੀ

*ਪੱਛਮੀ ਦੇਸ਼ਾਂ ਦਾ ਸੱਭਿਆਚਾਰ ਆਪਣੀ ਭੌਤਿਕ ਰੂਪ ਰੇਖਾ, ਟੈਕਨਾਲੋਜੀ, ਸਿੱਖਿਆ, ਕਾਰਨ ਹਰ ਖੇਤਰ ਵਿਚ ਸਾਡੇ ਤੋਂ ਅੱਗੇ ਅਤੇ ਵੱਖਰਾ ਹੈ। ਇਹ ਪੰਜਾਬੀਆਂ ਦੀ ਜ਼ਿੰਦਗੀ ਦੇ ਕਈ ਪੱਖਾਂ ਉੱਪਰ ਆਪਣਾ ਡੂੰਘਾ ਅਤੇ ਸਥਾਈ ਪ੍ਰਭਾਵ ਪਾ ਰਿਹਾ ਹੈ। ਅੰਗਰੇਜ਼ੀ ਭਾਸ਼ਾ ਦੇ ਸਾਹਿਤ ਦੇ ਸਾਹਮਣੇ ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਨਕਾਰਿਆ ਜਾਣ ਲੱਗਾ। ਇਹ ਸੰਗਠਿਤ ਅਤੇ ਨਿਸ਼ਚਿਤ ਆਸ਼ਾਂ ਰੱਖਦੀ ਵਿੱਦਿਅਕ ਪ੍ਰਣਾਲੀ ਅੰਗਰੇਜ਼ਾਂ ਦੀ ਹੀ ਦੇਣ ਹੈ। ਵਿੱਦਿਆ ਦੇ ਪ੍ਰਸਾਰ ਅਤੇ ਨਵੀਂ ਚੇਤਨਾ ਨੇ ਸਮਾਜ ਵਿਚ ਇਸਤਰੀ ਦਾ ਦਰਜਾ ਬਦਲ ਦਿੱਤਾ ਹੈ। ਪੱਛਮੀਕਰਨ ਸਾਡੇ ਸਾਹਮਣੇ ਇਕ ਚੁਣੌਤੀ ਬਣ ਕੇ ਖੜ੍ਹ ਗਿਆ ਹੈ। ਨਾ ਤਾਂ ਅਸੀਂ ਇਸ ਨੂੰ ਪੂਰੀ ਤਰ੍ਹਾਂ ਨਾਕਾਰ ਸਕਦੇ ਹਾਂ ਅਤੇ ਨਾ ਹੀ ਖੁੱਲ੍ਹੇ ਦਿਲ ਨਾਲ ਸਵੀਕਾਰ ਕਰ ਸਕਦੇ ਹਾਂ। ਅੱਜ ਅਸੀਂ ਪੱਛਮੀਕਰਨ ਦੇ ਨਵੀਨ ਜਾਣਕਾਰੀ ਅਤੇ ਟੈਕਨੋਲੋਜੀ ਵਰਗੇ ਸਕਾਰਾਤਮਕ ਪ੍ਰਭਾਵਾਂ ਦੀ ਬਹੁਤ ਜ਼ਰੂਰਤ ਹੈ ਪਰ ਇਸ ਦੇ ਨਾਲ ਹੀ ਅਸੀਂ ਆਪਣੇ ਵੱਡਮੁੱਲੇ ਸੱਭਿਆਚਾਰ ਨੂੰ ਨੁਕਸਾਨ ਨਹੀਂ ਹੋਣ ਦੇਣਾ ਚਾਹੁੰਦੇ। ਲੋੜ ਹੈ ਸਾਨੂੰ ਅਤੇ ਸਾਡੀ ਨਵੀਨ ਪੀੜ੍ਹੀ ਇਸ ਦੇ ਚੰਗੇ ਮੰਦੇ ਪੈ ਰਹੇ ਪ੍ਰਭਾਵਾਂ ਤੋਂ ਜਾਗਰੂਕ ਹੋਣ ਦੀ ਤਾਂ ਜੋ ਸਾਡਾ ਸੱਭਿਆਚਾਰ, ਵਿਰਸਾ ਅਤੇ ਸਾਡਾ ਮਾਣ-ਸਤਿਕਾਰ ਪਹਿਲਾਂ ਵਾਂਗ ਹੀ ਸਾਰੀ ਦੁਨੀਆ ਵਿਚ ਬਣਿਆ ਰਹੇ। ਇਸ ਲਈ ਵਿਰਸੇ ਨੂੰ ਸੁਰੱਖਿਅਤ ਰੱਖਣ ਲਈ ਯੋਗ ਕਰਵਾਈ ਕਰਨੀ ਚਾਹੀਦੀ ਹੈ। ਜਿਸ ਨਾਲ ਅਸੀਂ ਕਦੇ ‘ਪੰਜਾਬੀ ਸੱਭਿਆਚਾਰ’ ਨੂੰ ਆਪਣੀ ਜ਼ਿੰਦਗੀ ਅਤੇ ਦਿਲਾਂ ਵਿੱਚੋਂ ਨਾ ਵਿਸਾਰੀਏ।*

### ਲੋਕਧਾਰਾ

ਪੰਜਾਬ ਦੇ ਰਸਮ-ਰਿਵਾਜ, ਲੋਕ ਗੀਤ, ਲੋਕ ਨਾਚ ਉੱਤੇ ਵੀ ਪੱਛਮੀਕਰਨ ਨੇ ਡੂੰਘਾ ਪ੍ਰਭਾਵ ਪਾਇਆ ਹੈ। ਇੱਥੋਂ ਦੇ ਲੋਕਾਂ ਦੇ ਮੁੱਖ ਨਾਚ ਗਿੱਧਾ, ਭੰਗੜਾ, ਸੰਮੀ ਆਦਿ ਹੀ ਸਨ। ਵਿਆਹ ਸ਼ਾਦੀਆਂ ਵਿਚ ਲੋਕ ਆਪਣੀ ਖ਼ੁਸ਼ੀ ਨੂੰ ਲੋਕ ਗੀਤਾਂ, ਬੋਲੀਆਂ, ਟੱਪਿਆਂ ਰਾਹੀਂ ਵਿਅਕਤ ਕਰਦੇ ਸਨ ਪਰ ਅੱਜ ਪੱਛਮੀਕਰਨ ਦੇ ਦੌਰ ਵਿਚ ਇਨ੍ਹਾਂ ਸਭ ਦੀ ਥਾਂ ਆਰਕੈਸਟਰਾ, ਡੀਜੀ ਆਦਿ ਨੇ ਲੈ ਲਈ ਹੈ। ਹੁਣ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਆਪਣੇ ਲੋਕ ਸੰਗੀਤ ਅਤੇ ਲੋਕ ਨਾਚਾਂ ਤੋਂ ਪੱਛਮੀਕਰਨ ਕਾਰਨ ਵਿਛੜ ਰਹੇ ਹਨ।

### ਸਮਾਜਕ ਰਿਸ਼ਤੇ-ਨਾਤੇ

ਸਮਾਜਕ ਰਿਸ਼ਤਿਆਂ ਤੇ ਪਰਿਵਾਰਕ ਸਬੰਧਾਂ ਵਿਚ ਪਰਿਵਰਤਨ ਆਏ ਮਿਸਾਲ ਦੇ ਤੌਰ ’ਤੇ ਸ਼ਹਿਰੀ ਸਮਾਜ ਵਿਚ ਆ ਕੇ ਚਾਚਾ, ਤਾਇਆ, ਮਾਮਾ, ਫੁੱਫੜ, ਰਿਸ਼ਤਿਆਂ ਲਈ ਇੱਕੋ ਸ਼ਬਦ ‘ਅੰਕਲ’ ਰਹਿ ਗਿਆ ਤੇ ਮਾਤਾ ਪਿਤਾ ਜਾਂ ਤਾਂ ਮੋਮ-ਡੈਡ ਬਣ ਗਏ ਜਾਂ ‘ਮੌਮ-ਪਾ।’ ਚਾਚੀ, ਤਾਈ, ਮਾਮੀ, ਭੂਆ ਵੀ ਐਂਟੀ ਬਣ ਗਈਆਂ ਤੇ ਗੁਰੂ (ਜੇ ਪੁਰਸ਼ ਹੈ ਤਾਂ) ‘ਸਰ’ (ਜੇ ਨਾਰੀ ਹੈ ਤਾਂ) ‘ਮੈਡਮ’ ਵਿਚ ਤਬਦੀਲ ਹੋ ਗਿਆ। ਇਹ ਅਤੇ ਇਹੋ-ਜਿਹੇ ਹੋਰ ਅਨੇਕ ਸ਼ਬਦ ਭਾਵੇਂ ਮਨੁੱਖੀ ਰਿਸ਼ਤਿਆਂ ਦੀ ਮੂਲ ਆਤਮਾਂ ਨੂੰ ਤਾਂ ਨਾ ਬਦਲ ਸਕੇ ਪਰ ਭਾਸ਼ਾ ਦੇ ਪੱਖ ਤੋਂ ਇਨ੍ਹਾਂ ਦਾ ਮਹੱਤਵ ਆਪਣਾ ਹੈ।

# ਆਜ਼ਾਦੀ ਮਗਰੋਂ ਪਾਕਿਸਤਾਨ ’ਚੋਂ ਗਾਇਬ ਹੋ ਗਏ 18 .ਫੀਸਦੀ ਹਿੰਦੂ

ਇਸਲਾਮਾਬਾਦ: ਪਾਕਿਸਤਾਨ ’ਚ ਹਰ ਸਾਲ ਇੱਕ ਹਜ਼ਾਂਰ ਤੋਂ ਵੱਧ ਹਿੰਦੂ, ਈਸਾਈ ਅਤੇ ਸਿੱਖ ਭਾਈਚਾਰਿਆਂ ਦੀਆਂ ਨਾਬਾਲਿਗ ਲੜਕੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਕੋਲੋਂ ਜ਼ਬਰੀ ਇਸਲਾਮ ਕਬੂਲ ਕਰਵਾਇਆਂ ਜਾਂਦਾ ਹੈ। ਪਾਕਿਸਤਾਨ ਦੀਆਂ ਕਈ ਮੀਡੀਆ ਰਿਪੋਰਟਾਂ ਕਹਿੰਦੀਆਂ ਹਨ ਕਿ ਇਨ੍ਹਾਂ ’ਚੋਂ ਵਧੇਰੇ ਮਾਮਲਿਆਂ ’ਚ ਅਗਵਾ ਅਤੇ ਵਿਆਹ ਗੰਨ ਪੁਆਇੰਟ ’ਤੇ ਕੀਤੇ ਜਾਂਦੇ ਹਨ। ਬਾਅਦ ’ਚ ਉਨ੍ਹਾਂ ਦੇ ਪਤੀ ਆਪਣੇ ਦੋਸਤਾਂ ਨਾਲ ਮਿਲ ਕੇ ਲੜਕੀਆਂ ਦੇ ਗੈਂਗਰੇਪ ਕਰਦੇ ਹਨ। ਆਵਾਜ਼ ਉਠਾਉਣ ’ਤੇ ਇਨ੍ਹਾਂ ਲੜਕੀਆਂ ਦਾ ਕਈ ਵਾਰ ਕਤਲ ਵੀ ਕਰ ਦਿੱਤਾ ਜਾਂਦਾ ਹੈ।

**ਨੌਂ ਸਾਲ ਦੀ ਬੱਚੀ ਦਾ 45 ਦੇ ਆਦਮੀ ਨਾਲ ਜਬਰੀ ਨਿਕਾਹ**

ਸਿੰਧ ਪਾਕਿਸਤਾਨ ’ਚ ਇੱਕ ਨੌਂ ਸਾਲਾ ਹਿੰਦੂ ਲੜਕੀ ਰੇਸ਼ਮਾ ਨੂੰ ਜਬਰੀ ਅਗਵਾ ਕਰ ਲਿਆ ਗਿਆ। ਉਸ ਨੂੰ ਇੱਕ ਸੂਫ਼ੀ ਦਰਗਾਹ ’ਚ ਲਿਜਾਇਆ ਗਿਆ ਜਿੱਥੇ ਉਸ ਕੋਲੋਂ ਇਸਲਾਮ ਕਬੂਲ ਕਰਵਾਇਆ ਗਿਆ ਅਤੇ ਜੈਕਬਾਬਾਦ ਦੇ 45 ਸਾਲਾ ਮੁਸਲਿਮ ਅਗਵਾਕਾਰ ਵਜ਼ੀਰ ਹੁਸੈਨ ਨਾਲ ਵਿਆਹ ਕਰਵਾ ਦਿੱਤਾ ਗਿਆ। ਇਹ ਮਾਮਲਾ ਮਈ ਮਹੀਨੇ ਦਾ ਹੈ ਅਤੇ ਇਸ ਘਟਨਾ ਦੀ ਇੱਕ ਵੀਡੀਓ ਵੀ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ। ਇਸ ਤਰ੍ਹਾਂ ਦੇ ਵਧੇਰੇ ਮਾਮਲਿਆਂ ’ਚ ਪੁਲੀਸ ਸ਼ਿਕਾਇਤ ਹੀ ਦਰਜ ਨਹੀਂ ਕਰਦੀ ਕਿਉਂਕਿ ਪਾਕਿਸਤਾਨ ਦੇ ਇਸਲਾਮਿਕ ਕੱਟੜਪੰਥੀਆਂ ਦਾ ਪੁਲੀਸ ’ਤੇ ਦਬਾਅ ਰਹਿੰਦਾ ਹੈ।

**ਪਹਿਲਾਂ ਧਰਮ ਤਬਦੀਲੀ, ਬਾਅਦ ’ਚ ਵਿਆਹ ਅਤੇ ਫ਼ਿਰ ਪਤੀ ਨੇ ਕਰਵਾਇਆ ਗੈਂਗਰੇਪ**

ਇਸੇ ਸਾਲ ਅਪ੍ਰੈਲ ਮਹੀਨੇ ’ਚ ਹੀ ਇੱਕ ਹਿੰਦੂ ਲੜਕੀ ਮੀਨਾ ਕੋਹਲੀ ਨੂੰ ਅਗਵਾ ਕਰ ਲਿਆ ਸੀ। ਅਗਵਾ ਕਰਨ ਤੋਂ ਬਾਅਦ ਉਸ ਕੋਲੋਂ ਇਸਲਾਮ ਕਬੂਲ ਕਰਵਾਇਆ ਗਿਆ, ਅਤੇ ਫ਼ਿਰ ਅਗਵਾਕਾਰ ਨੇ ਕਈ ਵਾਰ ਆਪਣੇ ਸਾਥੀਆ ਨਾਲ ਮਿਲ ਕੇ ਮੀਨਾ ਨਾਲ ਬਲਾਤਕਾਰ ਕੀਤਾ ਹਾਲਾਂਕਿ ਪੁਲੀਸ ਦੀ ਕਾਰਵਾਈ ਤੋਂ ਬਾਅਦ ਹੁਣ ਉਹ ਆਪਣੇ ਘਰ ਪੁੱਜ ਗਈ ਹੈ। ਮੀਨਾ ਕੋਹਲੀ ਦੀ ਵੀ ਸੋਸ਼ਲ ਮੀਡੀਆ ’ਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ’ਚ ਉਸ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ ਕਿ ਅਗਵਾ ਅਤੇ ਧਰਮ ਤਬਦੀਲੀ ਤੋਂ ਬਾਅਦ ਇਕਬਾਲ ਭਾਨਬਰੂ ਨਾਲ ਜ਼ਬਰਦਸਤੀ ਵਿਆਹ ਕਰ ਦਿੱਤਾ ਗਿਆ ਸੀ। ਜਬਰੀ ਨਿਕਾਹ ਤੋਂ ਬਾਅਦ ਇਕਬਾਲ ਅਤੇ ਉਸ ਦੇ ਹੋਰਨਾਂ ਸਾਥੀਆਂ ਨੇ ਲਗਾਤਾਰ ਮੇਰੇ ਨਾਲ ਬਲਾਤਕਾਰ ਕੀਤਾ।

**ਘਰ ’ਚ ਦਾਖਲ ਹੋ ਕੇ ਸੁਹਾਨਾ ਨੂੰ ਕੀਤਾ ਗੰਨ ਪੁਆਇੰਟ ’ਤੇ ਅਗਵਾ**

ਹਿੰਦੂ ਘੱਟ-ਗਿਣਤੀ ਭਾਈਚਾਰੇ ’ਤੇ ਅਤਿਆਚਾਰ ਦੀ ਇੱਕ ਹੋਰ ਘਟਨਾ ’ਚ ਇੱਕ ਨਾਬਾਲਿਗ ਹਿੰਦੂ ਲੜਕੀ ਸੁਹਾਨਾ ਕੁਮਾਰੀ ਸ਼ਰਮਾ ਨੂੰ ਸੰਘਾਰ ਜ਼ਿਲ੍ਹੇ ਦੇ ਸ਼ਹੀਦ ਬੇਨਜ਼ੀਰਾਬਾਦ ’ਚ ਕਾਜ਼ੀ ਅਹਿਮਦ ਇਲਾਕੇ ’ਚ ਉਸ ਦੇ ਘਰੋਂ 6 ਜੂਨ ਨੂੰ ਦੇਰ ਰਾਤ ਤਿੰਨ ਹਥਿਆਰਬੰਦ ਅਖ਼ਤਰ ਗਬੋਲ, ਫ਼ੈਜ਼ਾਨ ਜੱਟ ਅਤੇ ਸਾਰੰਗ ਖਾਸਖੇਲੀ ਨੇ ਬੰਦੂਕ ਦੀ ਨੋਕ ’ਤੇ ਅਗਵਾ ਕਰ ਲਿਆ।

ਲੜਕੀ ਦੇ ਪਿਤਾ ਦਿਲੀਪ ਸ਼ਰਮਾ ਨੇ ਦੱਸਿਆਂ ਕਿ ਤਿੰਨੋਂ ਜ਼ਬਰੀ ਉਨ੍ਹਾਂ ਦੇ ਘਰ ’ਚ ਸੌਂ ਗਏ ਅਤੇ ਬੰਧਕ ਬਣਾ ਕੇ ਲਗਭਗ ਇੱਕ ਲੱਖ ਰੁਪਏ ਅਤੇ ਸੋਨੇ ਦੇ ਗਹਿਣੇ ਲੁੱਟ ਲਏ। ਭੱਜਦੇ ਸਮੇਂ ਹਮਲਾਵਰਾਂ ਨੇ ਸੁਹਾਨਾ ਨੂੰ ਵੀ ਜਬਰੀ ਉਠਾ ਲਿਆ ਅਤੇ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਖ਼ਿਲਾਫ਼ ਪੁਲੀਸ ’ਚ



ਸ਼ਿਕਾਇਤ ਦਰਜ ਕੀਤੀ ਗਈ ਤਾਂ ਜਾਨੋਂ ਮਾਰ ਦੇਵਾਂਗੇ।

**ਗਾਂ ਦੇਣ ਤੋਂ ਮਨ੍ਹਾਂ ਕੀਤਾ ਤਾਂ ਘਰ ਨੂੰ ਕੀਤਾ ਨਸ਼ਟ**

5 ਜੂਨ ਨੂੰ ਸਿੰਧ ਦੇ ਟਾਂਡੋ ਗੁਲਾਮ ਅਲੀ ਇਲਾਕੇ ’ਚ ਚੌਧਰੀ ਫ਼ਤਹਿ ਪਿੰਡ ’ਚ ਸੋਮਰ ਭੀਲ ਦੇ ਘਰ ਨੂੰ ਰਿਆਂਜ ਰੰਧਾਵਾ ਅਤੇ ਉਸ ਦੇ ਗੁੰਡਿਆਂ ਨੇ ਨਸ਼ਟ ਕਰ ਦਿੱਤਾ ਅਤੇ ਅੱਗ ਦੇ ਹਵਾਲੇ ਕਰ ਦਿੱਤਾ। ਸੋਮਰ ਭੀਲ ਮੁਤਾਬਿਕ ਇਹ ਘਟਨਾ ਉਦੋਂ ਵਾਪਰੀ ਜਦੋਂ ਉਨ੍ਹਾਂ ਇੱਕ ਗਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਗਾਂ ਨੂੰ ਇੱਕ ਡਾਕਟਰ ਅਤੇ ਪਿੰਡ ਦਾ ਜ਼ਿਮੀਂਦਾਰ ਰਿਆਜ਼ ਰੰਧਾਵਾ ਜਬਰੀ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਘਰ ’ਚ ਰੱਖਿਆਂ ਅਨਾਜ, ਕੀਮਤੀ ਸਾਮਾਨ ਅਤੇ ਘਰ ਦਾ ਸਾਰਾ ਸਾਮਾਨ ਸੜ ਕੇ ਸਵਾਹ ਹੋ ਗਿਆ। ਸੋਮਰ ਭੀਲ ਨੇ ਰਿਆਜ ਰੰਧਾਵਾ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪਹਿਲਾਂ ਉਹ ਅੱਗ ਦੇ ਕਾਰਨਾਂ ਦੀ ਜਾਂਚ ਕਰਨਗੇ ਅਤੇ ਅੱਗ ਦੇ ਕਾਰਨ ਲਈ ਕਿਸੇ ਨੂੰ ਵੀ ਜ਼ਿੰਮੇਵਾਰ ਠਹਿਰਾ ਦੇਣਗੇ।

**ਜਬਰੀ ਕਬੂਲ ਕਰਵਾਇਆਂ ਇਸਲਾਮ ਅਤੇ ਫ਼ਿਰ ਦਿਵਾਇਆਂ ਝੂਠਾ ਹਲਫ਼ਨਾਮਾ**

ਮਈ ਦੇ ਅੰਤ ’ਚ ਸਿੰਧ ਦੀ ਟਾਂਡੋ ਆਦਮ ਜ਼ਿਲ੍ਹੇ ਦੀ ਰਹਿਣ ਵਾਲੀ ਨਾਬਾਲਿਗ ਲੜਕੀ ਸੰਧਿਆਂ ਕੁਮਾਰੀ ਨੂੰ ਅਗਵਾ ਕਰ ਕੇ ਉਸ ਕੋਲੋਂ ਜਬਰੀ ਇਸਲਾਮ ਕਬੂਲ ਕਰਵਾਇਆਂ ਅਤੇ ਫ਼ਿਰ ਵਿਆਹ ਕਰ ਲਿਆ ਗਿਆ। ਉਸ ਦੇ ਪਿਤਾ ਨੇ ਦੋਸ਼ ਲਾਇਆ ਕਿ ਸਈਅਦ ਮੁਹੰਮਦ ਇਮਰਾਨ ਨੇ ਉਨ੍ਹਾਂ ਦੀ ਬੇਟੀ ਨੂੰ ਅਗਵਾ ਕਰ ਲਿਆ ਅਤੇ ਪੁਲੀਸ ਨੇ ਬਾਰ-ਬਾਰ ਯਤਨ ਕਰਨ ਦੇ ਬਾਵਜੂਦ ਉਸ ਦੀ ਸ਼ਿਕਾਇਤ ਦਰਜ ਨਹੀਂ ਕੀਤੀ। ਪੁਲੀਸ ਨੇ ਪੀੜਤਾ ਦੇ ਪਰਿਵਾਰ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਸੰਧਿਆ ਦਾ ਝੂਠਾ ਹਲਫ਼ਨਾਮਾ ਦਿਖਾਇਆ ਜਿਸ ’ਚ ਕਿਹਾ ਗਿਆ ਹੈ ਕਿ ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਹੈ।ਜ਼ੁਲਮ ਦਾ ਸਿਲਸਿਲਾ ਆਜ਼ਾਦੀ ਤੋਂ ਬਾਅਦ ਬਾਦਸਤੂਰ ਜਾਰੀ ਹੈ, ਅਤੇ ਪਾਕਿਸਤਾਨ ’ਚ ਹਿੰਦੂਆਂ ਦੀ ਆਬਾਦੀ ਲਗਾਤਾਰ ਘੱਟ ਰਹੀ ਹੈ। ਆਜ਼ਾਦੀ ਤੋਂ ਬਾਅਦ ਪਾਕਿਸਤਾਨ ’ਚ ਹਿੰਦੂਆਂ ਦੀ ਆਬਾਦੀ ਕੁੱਲ ਆਬਾਦੀ ਦਾ 20 ਫ਼ੀਸਦੀ ਸੀ ਜੋ ਘੱਟ ਕੇ ਹੁਣ ਕੇਵਲ ਦੋ ਫ਼ੀਸਦੀ ਰਹਿ ਗਈ ਹੈ।

## ਭਾਰਤੀ ਮੂਲ ਦੇ ਸੀਨੀਅਰ ਮੰਤਰੀ ਸਿੰਗਾਪੁਰ ’ਚ ਲੜਨਗੇ ਰਾਸ਼ਟਰਪਤੀ ਚੋਣ

ਸਿੰਗਾਪੁਰ: ਸਿੰਗਾਪੁਰ ’ਚ ਭਾਰਤੀ ਮੂਲ ਦੇ ਇੱਕ ਸੀਨੀਅਰ ਮੰਤਰੀ ਥਰਮਨ ਸ਼ਨਮੁਗਰਤਨਮ ਨੇ ਇਸ ਸਾਲ ਦੇ ਅੰਤ ਤਕ ਰਾਸ਼ਟਰਪਤੀ ਚੋਣ ਲੜਨ ਦਾ ਐਲਾਨ ਕੀਤਾ। ਇਸ ਲਈ ਥਰਮਨ ਨੇ 22 ਸਾਲਾਂ ਬਾਅਦ ਸਰਗਰਮ ਰਾਜਨੀਤੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਸ ਨੇ ਪ੍ਰਧਾਨ ਮੰਤਰੀ ਲੀ ਹਸੀਨ ਲੂੰਗ ਨੂੰ ਇੱਕ ਪੱਤਰ ਲਿਖ ਕੇ ਰਾਜਨੀਤੀ ਅਤੇ ਹੋਰ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦੇ ਆਪਣੇ ਫ਼ੈਸਲੇ ਦੀ ਜਾਣਕਾਰੀ ਦਿੱਤੀ।



ਥਰਮਨ ਨੇ ਇਹ ਵੀ ਕਿਹਾ ਕਿ ਉਹ ਸੱਤਾਧਾਰੀ ਪੀਪਲਜ਼ ਐਕਸ਼ਨ ਪਾਰਟੀ ਤੋਂ ਅਸਤੀਫ਼ਾ ਦੇਣਾ ਚਾਹੁੰਦਾ ਹੈ ਜੋ 1960 ਦੇ ਦਹਾਕੇ ਤੋਂ ਖ਼ੁਸ਼ਹਾਲ ਸਿੰਗਾਪੁਰ ਨੂੰ ਚਲਾ ਰਹੀ ਹੈ। ਉਸਨੇ ਪ੍ਰਧਾਨ ਮੰਤਰੀ ਲੀ ਹਸੀਨ ਲੂੰਗ ਨੂੰ ਸੂਚਿਤ ਕੀਤਾ ਕਿ ਉਹ ਰਾਜਨੀਤੀ ਤੋਂ ਸੰਨਿਆਸ ਲੈ ਰਹੇ ਹਨ, ਨਾਲ ਹੀ ਸਰਕਾਰ ’ਚ ਆਪਣੇ ਸਾਰੇ ਅਹੁਦਿਆਂ ਤੋਂ ਸੰਨਿਆਸ ਲੈ ਰਹੇ ਹਨ। ਇਸ ਦੇ ਨਾਲ ਹੀ ਦੱਸਿਆ ਕਿ ਉਹ ਸਤੰਬਰ ਤਕ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ’ਚ ਹਿੱਸਾ ਲੈ ਰਹੇ ਹਨ। ਇੱਕ ਸਥਾਨਕ ਰਿਪੋਰਟ ਅਨੁਸਾਰ ਥਰਮਨ ਸ਼ਨਮੁਗਰਤਨਮ ਨੇ ਪੱਤਰ ’ਚ ਲਿਖਿਆ, “ਮੈਂ ਹੁਣ ਤੋਂ ਇੱਕ ਮਹੀਨੇ ਬਾਅਦ 7 ਜੁਲਾਈ 2023 ਤੋਂ ਅਜਿਹਾ ਕਰਨ ਦੀ ਯੋਜਨਾ ਬਣਾ ਰਿਹਾ ਹਾਂ ਤਾਂ ਜੋ ਮੈਂ ਸਿੰਗਾਪੁਰ ’ਚ ਆਪਣੀਆਂ ਤੁਰੰਤ ਅਧਿਕਾਰਤ ਪ੍ਰਤੀਬਧਤਾਵਾਂ ਨੂੰ ਪੂਰਾ ਕਰ ਸਕਾਂ।”ਉਹ ਮੰਤਰੀ ਵਜੋਂ ਨਿਭਾਈਆਂ ਗਈਆਂ ਹੋਰ ਸਾਰੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਤੋਂ ਵੀ ਅਸਤੀਫ਼ਾ ਦੇ ਦੇਵੇਗਾ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਇੱਕ ਪੱਤਰ ਰਾਹੀਂ ਥਰਮਨ ਸ਼ਨਮੁਗਰਤਨਮ ਨੂੰ ਵੀ ਦੱਸਿਆ ਕਿ ਉਹ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜਨ ਦੇ ਉਹਨਾਂ ਦੇ ਫ਼ੈਸਲੇ ਨੂੰ ਸਮਝਦੇ ਹਨ।

ਥਰਮਨ ਮੌਨੀਟਰੀ ਅਥੌਰਿਟੀ ਔਫ਼ ਸਿੰਗਾਪੁਰ ਦੇ ਚੇਅਰਮੈਨ, ਉੱਪ ਚੇਅਰਮੈਨ, ਆਰਥਿਕ ਵਿਕਾਸ ਬੋਰਡ ਦੀ ਅੰਤਰਰਾਸ਼ਟਰੀ ਸਲਾਹਕਾਰ ਕੌਂਸਲ ਦੇ ਚੇਅਰਮੈਨ ਅਤੇ ਹੋਰ ਜ਼ਿੰਮੇਵਾਰੀਆਂ ਤੋਂ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣਗੇ।

ਥਰਮਨ ਨੇ ਕਿਹਾ ਕਿ ਉਸ ਨੂੰ ਹਾਲ ਹੀ ਦੇ ਮਹੀਨਿਆਂ ’ਚ ਸਿੰਗਾਪੁਰ ਵਾਸੀਆਂ ਤੋਂ ਕਈ ਬੇਨਤੀਆਂ ਪ੍ਰਾਪਤ ਹੋਈਆਂ ਹਨ, ਉਹ ਉਸ ਨੂੰ ਰਾਸ਼ਟਰਪਤੀ ਲਈ ਚੋਣ ਲੜਦੇ ਦੇਖਣਾ ਚਾਹੁੰਦੇ ਹਨ। ਉਨ੍ਹਾਂ ਨੇ ਆਪਣੇ ਪੱਤਰ ’ਚ ਕਿਹਾ ਕਿ ਇਹ ਇੱਕ ਮੁਸ਼ਕਿਲ ਫ਼ੈਸਲਾ ਹੈ। ਮੈਂ ਆਪਣੇ ਪਰਿਵਾਰ ਨਾਲ ਸਲਾਹ ਕੀਤੀ ਹੈ ਅਤੇ ਧਿਆਨ ਨਾਲ ਵਿੱਚਾਰ ਕੀਤਾ ਹੈ ਕਿ ਆਉਣ ਵਾਲੇ ਸਾਲਾਂ ’ਚ ਉਹ ਦੇਸ਼ ਦੀ ਸਭ ਤੋਂ ਵਧੀਆ ਸੇਵਾ ਕਿਵੇਂ ਕਰ ਸਕਦੇ ਹਨ

## ਕੈਨੇਡਾ ਪੁਲੀਸ ’ਚ ਭਰਤੀ ਹੋ ਕੇ ਪੰਜਾਬੀ ਨੌਜਵਾਨ ਨੇ ਚਮਕਾਇਆ ਨਾਂ



ਬਰਨਾਲਾ: ਜ਼ਿਲ੍ਹਾ ਬਰਨਾਲਾ ਦੇ ਨਜ਼ਦੀਕੀ ਪਿੰਡ ਪੱਖੋਕੇ ਦੇ ਨੌਜਵਾਨ ਸੁਖਚੈਨ ਸਿੰਘ ਢਿੱਲੋਂ ਨੇ ਕੈਨੇਡਾ ਪੁਲੀਸ ’ਚ ਭਰਤੀ ਹੋ ਕੇ ਜਿਥੇ ਜ਼ਿਲ੍ਹਾ ਬਰਨਾਲਾ ਦਾ ਨਾਂ ਰੌਸ਼ਨ ਕੀਤਾ ਹੈ, ਉੱਥੇ ਹੀ ਉਸ ਨੇ ਪੰਜਾਬ ਦਾ ਵੀ ਮਾਣ ਵਧਾਇਆ ਹੈ। ਸੁਖਚੈਨ ਸਿੰਘ ਬੰਤ ਸਿੰਘ ਢਿੱਲੋਂ ਦਾ ਪੋਤਾ ਹੈ ਅਤੇ ਉਸ ਦਾ ਜਨਮ ਪਿਤਾ ਰਾਮ ਸਿੰਘ ਢਿੱਲੋਂ ਤੇ ਮਾਤਾ ਪ੍ਰਿਤਪਾਲ ਕੌਰ ਦੀ ਕੁੱਖੋਂ ਹੋਇਆ।

ਆਪਣੇ ਪੋਤੇ ਦੀ ਇਸ ਪ੍ਰਾਪਤੀ ’ਤੇ ਸੁਖਚੈਨ ਸਿੰਘ ਦੀ ਦਾਦੀ ਹਰਬੰਸ ਕੌਰ ਅਤੇ ਚਾਚਾ ਗੁਰਚਰਨ ਸਿੰਘ ਨੇ ਦੱਸਿਆ ਕਿ ਸੁਖਚੈਨ ਸਿੰਘ ਛੇ ਸਾਲ ਪਹਿਲਾਂ ਕੈਨੇਡਾ ’ਚ ਪੜ੍ਹਨ ਲਈ ਗਿਆ ਸੀ, ਅਤੇ ਚੰਗੇਰੀ ਪੜ੍ਹਾਈ ਪੂਰੀ ਕਰਨ ਉਪਰੰਤ ਕੈਨੇਡਾ ਦਾ ਵਸਨੀਕ ਹੋ ਗਿਆ। ਉਹ ਹੁਣ ਆਪਣੀ ਮਿਹਨਤ ਸਦਕਾ ਕੈਨੇਡਾ ਦੇ ਸੂਬੇ ਟੋਰੌਂਟੋ ਦੀ ਪੁਲੀਸ ’ਚ ਭਰਤੀ ਹੋ ਗਿਆ ਹੈ।

## ਮੁੰਬਈ ਸਭ ਤੋਂ ਮਹਿੰਗਾ ਭਾਰਤੀ ਸ਼ਹਿਰ, ਗਲੋਬਲ ਪੱਧਰ ’ਤੇ ਹਾਂਗਕਾਂਗ ਸਭ ਤੋਂ ਅੱਗੇ

ਨਵੀਂ ਦਿੱਲੀ: ਭਾਰਤ ’ਚ ਪ੍ਰਵਾਸੀਆਂ ਲਈ ਸਭ ਤੋਂ ਮਹਿੰਗਾ ਸ਼ਹਿਰ ਮੁੰਬਈ ਹੈ, ਅਤੇ ਉਸ ਤੋਂ ਬਾਅਦ ਨਵੀਂ ਦਿੱਲੀ ਅਤੇ ਬੇਂਗਲੁਰੂ ਦਾ ਸਥਾਨ ਹੈ। ਇੱਕ ਰਿਪੋਰਟ ’ਚ ਇਹ ਜਾਣਕਾਰੀ ਦਿੱਤੀ ਗਈ ਹੈ।



ਮਰਸਰ ਦੇ ਜੀਵਨ ਬਤੀਤ ਕਰਨ ਦੀ ਲਾਗਤ ਸਰਵੇ-2023 ਮੁਤਾਬਿਕ ਗਲੋਬਲ ਰੂਪ ਨਾਲ ਪੰਜ ਮਹਾਦੀਪਾਂ ਦੇ 22 ਸ਼ਹਿਰਾਂ ’ਚ ਮੁੰਬਈ 147ਵੇਂ ਸਥਾਨ ’ਤੇ ਹੈ। ਮੁੰਬਈ ਭਾਰਤ ’ਚ ਪ੍ਰਵਾਸੀਆਂ ਲਈ ਸਭ ਤੋਂ ਮਹਿੰਗਾ ਸ਼ਹਿਰ ਹੈ ਜਦ ਕਿ ਗਲੋਬਲ ਰੂਪ ਨਾਲ ਇਸ ਸੂਚੀ ’ਚ ਹੌਂਗ ਕੌਂਗ ਸਭ ਤੋਂ ਅੱਗੇ ਹੈ।

ਗਲੋਬਲ ਰੈਂਕਿੰਗ ’ਚ ਦਿੱਲੀ 169ਵੇਂ, ਚੇਨੱਈ 184ਵੇਂ, ਬੇਂਗਲੁਰੂ 189ਵੇਂ, ਹੈਦਰਾਬਾਦ 202ਵੇਂ, ਕੋਲਕਾਤਾ 211ਵੇਂ ਅਤੇ ਪੁਣੇ 213ਵੇਂ ਸਥਾਨ ’ਤੇ ਹਨ। ਮਰਸਰ ਦੇ ਸਰਵੇ ’ਚ ਹਰੇਕ ਸਥਾਨ ’ਤੇ ਰਿਹਾਇਸ਼, ਟਰਾਂਸਪੋਰਟ, ਭੋਜਨ, ਕੱਪੜੇ, ਘਰੇਲੂ ਵਸਤਾਂ ਅਤੇ ਮਨੋਰੰਜਨ ਸਮੇਤ 200 ਤੋਂ ਵੱਧ ਵਸਤਾਂ ਅਤੇ ਸੇਵਾਵਾਂ ਦੀ ਕੀਮਤ ਦੀ ਤੁਲਨਾ ਕੀਤੀ ਗਈ ਹੈ। ਰਿਪੋਰਟ ਮੁਤਾਬਿਕ ਗਲੋਬਲ ਤੌਰ ’ਤੇ ਕੌਮਾਂਤਰੀ ਕਰਮਚਾਰੀਆਂ ਲਈ ਇਸ ਸਾਲ ਹੌਂਗ ਕੌਂਗ, ਸਿੰਗਾਪੁਰ ਅਤੇ ਜ਼ਿਊਰਿਖ ਸਭ ਤੋਂ ਮਹਿੰਗੇ ਸ਼ਹਿਰ ਹਨ। ਰੈਂਕਿੰਗ ’ਚ ਸਭ ਤੋਂ ਘੱਟ ਮਹਿੰਗੇ ਸ਼ਹਿਰਾਂ ’ਚ ਹਵਾਨਾ ਆਉਂਦਾ ਹੈ।

ਪਿਛਲੇ ਸਾਲ ਦੇ ਅੱਧ ’ਚ ਕਰੰਸੀ ਦੀ ਡੀਈਵੈਲਿਊਏਸ਼ਨ ਕਾਰਨ ਹਵਾਨਾ 83 ਸਥਾਨ ਹੇਠਾਂ ਆ ਗਿਆ ਹੈ। ਇਸ ਤੋਂ ਇਲਾਵਾ ਹੋਰ ਸਸਤੇ ਸ਼ਹਿਰਾਂ ’ਚ ਦੋ ਪਾਕਿਸਤਾਨ ਤੋਂ ਕਰਾਚੀ ਅਤੇ ਇਸਲਾਮਾਬਾਦ ਹਨ। ਰਿਪੋਰਟ ਮੁਤਾਬਿਕ ਸਰਵੇ ’ਚ ਸ਼ਾਮਿਲ ਭਾਰਤੀ ਸ਼ਹਿਰਾਂ ’ਚ ਚੇਨੱਈ, ਹੈਦਰਾਬਾਦ, ਕੋਲਕਾਤਾ ਅਤੇ ਪੁਣੇ ’ਚ ਠਹਿਰਣ ਦਾ ਖ਼ਰਚਾ ਮੁੰਬਈ ਤੋਂ 50 ਫ਼ੀਸਦੀ ਤੋਂ ਵੀ ਘੱਟ ਹੈ। ਪ੍ਰਵਾਸੀਆਂ ਲਈ 2023 ’ਚ ਮੁੰਬਈ ਅਤੇ ਦਿੱਲੀ ਏਸ਼ੀਆ ਦੇ 35 ਸਭ ਤੋਂ ਮਹਿੰਗੇ ਸ਼ਹਿਰਾਂ ’ਚ ਸ਼ਾਮਿਲ ਹਨ, ਪਰ ਮੁੰਬਈ ਏਸ਼ੀਆਈ ਸ਼ਹਿਰਾਂ ’ਚ ਪਿਛਲੇ ਸਾਲ ਦੀ ਤੁਲਨਾ ’ਚ ਇੱਕ ਸਥਾਨ ਖਿਸਕ ਕੇ 27ਵੇਂ ਸਥਾਨ ’ਤੇ ਆ ਗਿਆ ਹੈ।

# ਕੈਨੇਡਾ ’ਚੋਂ ਡੀਪੋਰਟ ਹੋ ਰਹੇ ਵਿਦਿਆਰਥੀਆਂ ਦੇ ਹੱਕ ’ਚ ਨਿੱਤਰੀ ਨਿਮਰਤ ਖਹਿਰਾ

ਜਲੰਧਰ: ਜਿਵੇਂ ਕਿ ਸਾਰਿਆਂ ਨੂੰ ਪਤਾ ਹੈ ਕਿ ਇਸੇ ਸਾਲ ਮਾਰਚ ਮਹੀਨੇ ਦੇ ਅੱਧ ’ਚ ਕੈਨੇਡੀਅਨ ਬੌਰਡਰ ਸੈਕਿਓਰਿਟੀ ਏਜੰਸੀ ਨੇ 700 ਤੋਂ ਵੱਧ ਭਾਰਤੀ ਵਿਦਿਆਰਥੀਆਂ ਨੂੰ ਡੀਪੋਰਟ ਕਰਨ ਦਾ ਨੋਟਿਸ ਜਾਰੀ ਕੀਤਾ ਸੀ। ਵਿਦਿਅਕ ਅਦਾਰਿਆਂ ’ਚ ਦਾਖ਼ਲੇ ਸਬੰਧੀ ਔਫ਼ਰ ਲੈਟਰ ਫ਼ਰਜ਼ੀ ਪਾਏ ਗਏ ਸਨ। ਇਸ ਮਾਮਲੇ ’ਚ ਵਿਦਿਆਰਥੀਆਂ ਨੂੰ ਪੰਜਾਬੀ ਕਲਾਕਾਰਾਂ ਦਾ ਸਮਰਥਨ ਮਿਲਣਾ ਸ਼ੁਰੂ ਹੋ ਗਿਆ ਹੈ। ਹਾਲ ਹੀ ’ਚ ਪੰਜਾਬੀ ਅਦਾਕਾਰਾ ਤੇ ਗਾਇਕਾ ਨਿਮਰਤ ਖਹਿਰਾ ਨੇ ਆਪਣੇ ਸੋਸ਼ਲ ਮੀਡੀਆ ਇਨਸਟਾਗ੍ਰਾਮ ਐਕਾਊਂਟ ’ਤੇ ਇੱਕ ਪੋਸਟ ਸਾਂਝੀ ਕੀਤੀ ਜਿਸ ’ਚ ਉਨ੍ਹਾਂ ਨੇ ਲਿਖਿਆ ਹੈ, “ਉਨ੍ਹਾਂ ਨੇ ਕੁੱਝ ਗ਼ਲਤ ਨਹੀਂ ਕੀਤਾ, ਉਹ ਘੁਟਾਲੇ ਦੇ ਸ਼ਿਕਾਰ ਹੋਏ ਹਨ। ਇਸ ਨਾਲ ਉਨ੍ਹਾਂ ਦਾ ਭਵਿੱਖ ਤਬਾਹ ਹੋ ਜਾਵੇਗਾ। ਡੀਪੋਰਟੇਸ਼ਨ ਦੇਣਾ ਬੰਦ ਕਰੋ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਓ।” ਨਿਮਰਤ ਦੀ ਇਸ ਪੋਸਟ ’ਤੇ ਪੰਜਾਬੀ ਕਲਾਕਾਰ ਵੀ ਕੌਮੈਂਟ ਕਰ ਕੇ ਆਪਣੇ ਸਮਰਥਨ ਦੇ ਰਹੇ ਹਨ ਹਾਲਾਂਕਿ ਕੁੱਝ ਦਿਨ ਪਹਿਲਾ ਹੀ ਗਾਇਕ ਐਲੀ ਮਾਂਗਟ ਅਤੇ ਸ਼ੈਰੀ ਮਾਨ ਇਨ੍ਹਾਂ ਦੇ ਹੱਕ ’ਚ ਅੱਗੇ ਆਏ ਸਨ। ਗਾਇਕ ਸ਼ੈਰੀ ਮਾਨ ਅਤੇ ਐਲੀ ਮਾਂਗਟ ਨੇ ਆਪਣੇ ਇਨਸਟਾਗ੍ਰੈਮ ਅਕਾਊਂਟਾਂ ਦੀ ਸਟੋਰੀ ’ਤੇ ਕੁੱਝ ਵੀਡੀਓਜ਼ ਸਾਂਝੀਆਂ ਕੀਤੀਆਂ ਸਨ ਜਿਨ੍ਹਾਂ ’ਚ ਉਹ ਸੜਕ ’ਤੇ ਧਰਨਾ ਲਾ ਕੇ ਬੈਠੇ ਨਜ਼ਰ ਆਏ ਸਨ।

ਜ਼ਿਕਰਯੋਗ ਹੈ ਕਿ 2018 ਤੋਂ 2022 ਦਰਮਿਆਨ ਜਲੰਧਰ ਦੇ ਇੱਕ ਟਰੈਵਲ ਏਜੰਟ ਨੇ ਕਰੀਬ 700 ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਦੇ ਇੱਕ ਪ੍ਰਾਈਵੇਟ ਕਾਲਜ ਦੇ ਔਫ਼ਰ ਲੈਟਰ ਦਿਵਾ ਕੇ ਉਨ੍ਹਾਂ ਦੇ ਕੈਨੇਡਾ ਦੇ ਵੀਜ਼ੇ ਲਗਵਾ ਦਿੱਤੇ ਜਿਸ ਕਾਰਨ ਉਕਤ ਟਰੈਵਲ ਕਾਰੋਬਾਰੀ ਨੇ ਹਰੇਕ ਵਿਦਿਆਰਥੀ ਤੋਂ ਲੱਖਾਂ ਰੁਪਏ ਵਸੂਲ ਕੀਤੇ। ਚਾਰ ਸਾਲਾਂ ਦੌਰਾਨ ਹੋਏ ਇਸ ਫ਼ਰਜ਼ੀਵਾੜੇ ’ਚ ਸਾਰੇ ਵਿਦਿਆਰਥੀ ਕੈਨੇਡਾ ਪਹੁੰਚ ਗਏ।

ਦੱਸਿਆ ਜਾ ਰਿਹਾ ਹੈ ਕਿ ਜ਼ਿਆਦਾਤਰ ਵਿਦਿਆਰਥੀ ਟੋਰੌਂਟੋ ’ਚ ਪੁੱਜੇ ਸਨ ਜਿਸ ਤੋਂ ਬਾਅਦ ਉਕਤ ਟਰੈਵਲ ਏਜੰਟ ਨੇ ਸਾਰਿਆਂ ਨਾਲ ਸੰਪਰਕ ਕਰ ਕੇ ਸਭ ਨੂੰ ਇੱਕੋ ਹੀ ਗੱਲ ਕਹੀ ਕਿ ਜਿਸ ਕਾਲਜ ’ਚ ਉਹ ਜਾ ਰਹੇ ਹਨ, ਉੱਥੋਂ ਦੀਆਂ ਸਾਰੀਆਂ ਸੀਟਾਂ ਫ਼ੁੱਲ ਹੋ ਚੁੱਕੀਆਂ ਹਨ ਅਤੇ ਸਭ ਨੂੰ ਅਗਲੇ ਸਮੈਸਟਰ ’ਚ ਸੀਟਾਂ ਦਿਵਾਈਆਂ ਜਾਣਗੀਆਂ। ਉਸ ਨੇ ਵਿਦਿਆਰਥੀਆਂ ਦਾ ਭਰੋਸਾ ਜਿੱਤਣ ਲਈ ਉਨ੍ਹਾਂ ਨੂੰ ਕੁੱਝ ਰਕਮ





ਵੀ ਮੋੜ ਦਿੱਤੀ ਤਾਂ ਕਿ ਵਿਦਿਆਰਥੀਆਂ ਦਾ ਉਸ ’ਤੇ ਭਰੋਸਾ ਬਣਿਆ ਰਹੇ।

ਕੁੱਝ ਸਮੇਂ ਬਾਅਦ ਉਕਤ ਟਰੈਵਲ ਕਾਰੋਬਾਰੀ ਨੇ ਉੱਥੇ ਪੁੱਜੇ ਵਿਦਿਆਰਥੀਆਂ ਨੂੰ ਕਿਸੇ ਹੋਰ ਕਾਲਜ ’ਚ ਦਾਖ਼ਲਾ ਲੈਣ ਦੀ ਗੱਲ ਕਹੀ। ਫ਼ਿਰ ਵਿਦਿਆਰਥੀਆਂ ਨੇ ਹੋਰ ਕਾਲਜਾਂ ’ਚ ਦੋ ਸਾਲਾਂ ਦਾ ਡਿਪਲੋਮਾ ਕੋਰਸ ਕਰਨ ਦਾ ਦਾਖ਼ਲਾ ਲਿਆ ਅਤੇ ਫ਼ਿਰ ਦੋ ਸਾਲ ਤਕ ਕਾਲਜ ’ਚ ਪੂਰੀ ਪੜ੍ਹਾਈ ਕੀਤੀ, ਜਿਸ ਤੋਂ ਬਾਅਦ ਉਨ੍ਹਾਂ ਨੇ ਇੱਕ ਸਾਲ ਵਰਕ ਪਰਮਿਟ ਦੇ ਤਹਿਤ ਉੱਥੇ ਕੰਮ ਵੀ ਕੀਤਾ। ਕੈਨੇਡਾ ਦੀ ਸੀਮਾ ਸੁਰੱਖਿਆ ਏਜੰਸੀ (CBSA) ਵਲੋਂ ਸਾਰੇ ਵਿਦਿਆਰਥੀਆਂ ਨੂੰ ਉਕਤ ਟਰੈਵਲ ਕਾਰੋਬਾਰੀ ਵਲੋਂ ਹੀ ਭੇਜਣ ਦਾ ਦੋਸ਼ ਲਾਇਆ ਜਾ ਰਿਹਾ ਹੈ। ਨਾਲ ਹੀ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕਿਸੇ ਵੀ ਅਰਜ਼ੀ ’ਤੇ ਉਕਤ ਟਰੈਵਲ ਕਾਰੋਬਾਰੀ ਦੇ ਹਸਤਾਖ਼ਰ ਨਹੀਂ ਹਨ ਜਦ ਕਿ ਸਾਰੀਆਂ ਅਰਜ਼ੀਆਂ ’ਤੇ ਵਿਦਿਆਰਥੀਆਂ ਨੇ ਹੀ ਹਸਤਾਖ਼ਰ ਕੀਤੇ ਹਨ।

ਦੱਸਿਆ ਜਾ ਰਿਹਾ ਹੈ ਕਿ ਵਿਦਿਆਰਥੀਆਂ ਨੇ ਨਿਯਮਾਂ ਮੁਤਾਬਿਕ ਕੈਨੇਡਾ ਪੁੱਜਣ ’ਤੇ ਦੋ ਸਾਲ ਦੀ ਪੜ੍ਹਾਈ ਪੂਰੀ ਕਰਨ ਅਤੇ ਇੱਕ ਸਾਲ ਦੇ ਵਰਕ ਪਰਮਿਟ ’ਤੇ ਸਖ਼ਤ ਮਿਹਨਤ ਨਾਲ ਕੰਮ ਕਰਨ ਦੇ ਨਾਲ ਤਿੰਨ ਸਾਲ ਕੈਨੇਡਾ ’ਚ ਬਿਤਾਏ ਹਨ ਅਤੇ ਉਨ੍ਹਾਂ ਨੇ ਕੈਨੇਡਾ ਦੀ PR ਲਈ ਅਰਜ਼ੀ ਦਾਖ਼ਲ ਕੀਤੀ ਹੈ। ਉਸ ਤੋਂ ਬਾਅਦ ਕੈਨੇਡਾ ਸਰਕਾਰ ਨੇ ਜਦੋਂ ਅਰਜ਼ੀਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਤਾਂ 2018 ਤੋਂ 2022 ਦਰਮਿਆਨ ਪੁੱਜੇ ਕਈ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੇ ਨਾਲ-ਨਾਲ ਕਈ ਦਸਤਾਵੇਜ਼ ਫ਼ਰਜ਼ੀ ਪਾਏ ਗਏ। ਕੈਨੇਡਾ ਸਰਕਾਰ ਨੇ ਇਸ ਵੱਡੇ ਫ਼ਰਜ਼ੀਵਾੜੇ ਦਾ ਪਰਦਾਫ਼ਾਸ਼ ਕਰਨ ਦੇ ਨਾਲ ਹੀ 700 ਵਿਦਿਆਰਥੀਆਂ ਨੂੰ ਡੀਪੋਰਟ ਕਰਨ ਲਈ ਉਨ੍ਹਾਂ ਨੂੰ ਨੋਟਿਸ ਜਾਰੀ ਕਰ ਦਿੱਤੇ ਜਿਸ ਨੂੰ ਲੈ ਕੇ ਸੂਬੇ ਭਰ ’ਚ ਹੜਕੰਪ ਮਚ ਗਿਆ।

## ਪਾਕਿ ’ਚ ਕਣਕ ਅਤੇ ਆਟੇ ਦੀ ਤਸਕਰੀ ਰੋਕਣ ਲਈ ਧਾਰਾ 144 ਲਾਗੂ

ਇਸਲਾਮਾਬਾਦ: ਪਾਕਿਸਤਾਨ ’ਚ ਇੱਕ ਪਾਸੇ ਜਿੱਥੇ ਰਾਜਨੀਤਕ ਅਸਥਿਰਤਾ ਦਾ ਦੌਰ ਚੱਲ ਰਿਹਾ ਹੈ ਉੱਥੇ ਦੂਜੇ ਪਾਸੇ ਆਰਥਿਕ ਮੰਦੀ ਨੇ ਲੋਕਾਂ ਦਾ ਜਿਉਣਾ ਮੁਸ਼ਕਿਲ ਕਰ ਦਿੱਤਾ ਹੈ। ਹਾਲਾਤ ਇਹ ਹਨ ਕਿ ਇੱਥੇ ਖਾਣ ਲਈ ਆਟਾ ਨਹੀਂ ਮਿਲ ਰਿਹਾ। ਇਸ ਲਈ ਆਟੇ ਦੀ ਤਸਕਰੀ ਸ਼ੁਰੂ ਹੋ ਗਈ ਹੈ। ਆਟੇ ਦੀ ਤਸਕਰੀ ਰੋਕਣ ਲਈ ਹੁਣ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ’ਚ ਧਾਰਾ 144 ਲਾਗੂ ਕਰ ਦਿੱਤੀ ਗਈ ਹੈ।

ਬਲੋਚਿਸਤਾਨ ਸੂਬੇ ਦੀ ਸਰਕਾਰ ਦੇ ਖੁਰਾਕ ਵਿਭਾਗ ਦੁਆਰਾ ਜਾਰੀ ਇੱਕ ਨੋਟੀਫ਼ਿਕੇਸ਼ਨ ਅਨੁਸਾਰ ਸੂਬੇ ਤੋਂ ਦੂਜੇ ਸੂਬਿਆਂ ’ਚ ਕਣਕ ਅਤੇ ਆਟੇ ਦੀ ਆਵਾਜਾਈ ਨੂੰ ਰੋਕਣ ਲਈ ਬਲੋਚਿਸਤਾਨ, ਖਾਸ ਕਰ ਕੇ ਨਸੀਰਾਬਾਦ ਡਿਵੀਜ਼ਨ ’ਚ ਧਾਰਾ 144 ਲਾਗੂ ਹੈ। ਸਥਾਨਕ ਮੀਡੀਆ ਡੇਲੀ ਇੰਤੇਖਾਬ ਨੇ ਰਿਪੋਰਟ ਦਿੱਤੀ। ਰੋਜ਼ਾਨਾ ਇੰਤਖ਼ਾਬ ਬਲੋਚਿਸਤਾਨ ਦਾ ਇੱਕ ਰੋਜ਼ਾਨਾ ਅਖ਼ਬਾਰ ਹੈ। ਇਸ ਪਹਿਲਕਦਮੀ ਦਾ ਉਦੇਸ਼ ਸੂਬੇ ’ਚ ਪੈਦਾ ਹੋਈ ਕਣਕ ਨੂੰ ਸੂਬੇ ਤੋਂ ਬਾਹਰ ਲਿਜਾਣ ਤੋਂ ਰੋਕਣਾ ਹੈ ।

## ਜਹਾਜ਼ ਹਾਦਸੇ ’ਚ ਲਾਪਤਾ ਹੋਏ ਬੱਚੇ 40 ਦਿਨਾਂ ਬਾਅਦ ਜੰਗਲ ’ਚੋਂ ਮਿਲੇ ਸੁਰੱਖਿਅਤ

ਬਗੋਟਾ: ਕੋਲੰਬੀਆ ’ਚ 40 ਦਿਨ ਪਹਿਲਾਂ ਇੱਕ ਜਹਾਜ਼ ਹਾਦਸੇ ’ਚ ਲਾਪਤਾ ਹੋਏ ਚਾਰ ਬੱਚੇ ਐਮਾਜ਼ੌਨ ਦੇ ਜੰਗਲਾਂ ’ਚ ਸੁਰੱਖਿਅਤ ਮਿਲੇ ਹਨ। ਰਾਸ਼ਟਰਪਤੀ ਗਸਤਾਨੋ ਪੈਟਰੋ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਕਿਊਬਾ ਤੋਂ ਬਗੋਟਾ ਪਰਤਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੈਟਰੋ ਨੇ ਕਿਹਾ ਕਿ ਲਾਪਤਾ ਬੱਚਿਆਂ ਦੀ ਖੋਜ ਲਈ ਵੱਡੇ ਪੈਮਾਨੇ ’ਤੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਬਚਾਅ ਕਰਮੀਆਂ ਨੇ 40 ਦਿਨ ਦੀ ਸਖ਼ਤ ਮਿਹਨਤ ਦੇ ਬਾਅਦ ਬੱਚਿਆਂ ਨੂੰ ਲੱਭਣ ’ਚ ਕਾਮਯਾਬੀ ਹਾਸਿਲ ਕੀਤੀ, ਅਤੇ ਹੁਣ ਇਹ ਬੱਚੇ ਡਾਕਟਰੀ ਨਿਗਰਾਨੀ ’ਚ ਹਨ। ਪੈਟਰੋ ਵਿਦਰੋਹੀ ਗੁੱਟ ਨੈਸ਼ਨਲ ਲਿਬਰੇਸ਼ਨ ਆਰਮੀ ਦੀ ਨੁਮਾਇੰਦਿਆਂ ਨਾਲ ਜੰਗਬੰਦੀ ਸਮਝੌਤੇ ’ਤੇ ਦਸਤਖ਼ਤ ਕਰਨ ਲਈ ਕਿਊਬਾ ਗਏ ਸਨ।ਉਨ੍ਹਾਂ ਕਿਹਾ ਕਿ ਇਨ੍ਹਾਂ ਬੱਚਿਆਂ ਦਾ ਅਜਿਹੇ ਗੰਭੀਰ ਹਾਲਾਤ ’ਚ ਵੀ 40 ਦਿਨਾਂ ਤਕ ਜਿਊਂਦਾ ਰਹਿਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ, ਅਤੇ ਉਨ੍ਹਾਂ ਦੀ ਕਹਾਣੀ ਇਤਿਹਾਸ ਦੇ ਪੰਨਿਆਂ ’ਚ ਦਰਜ ਹੋਵੇਗੀ। ਇਹ ਚਾਰ ਬੱਚੇ ਸੇਸਨਾ ਦੇ ਉਸ ਸਿੰਗਲ ਇੰਜਣ ਵਾਲੇ ਜਹਾਜ਼ ’ਚ ਸਵਾਰ ਛੇ ਯਾਤਰੀਆਂ ’ਚ ਸਨ ਜੋ ਇੱਕ ਮਈ ਨੂੰ ਇੰਜਣ ’ਚ ਖ਼ਰਾਬੀ ਕਰਨਾ ਹਾਦਸਾਗ੍ਰਸਤ ਹੋ ਗਿਆ ਸੀ। ਇਸ ਹਾਦਸੇ ਦੇ ਬਾਅਦ ਜਹਾਜ਼ ਦਾ ਰਾਡਾਰ ਨਾਲੋਂ ਸੰਪਰਕ ਟੁੱਟ ਗਿਆ ਸੀ, ਅਤੇ ਸਰਕਾਰ ਨੇ ਯਾਤਰੀਆਂ ਨੂੰ ਬਚਾਉਣ ਲਈ ਵੱਡੇ ਪੈਮਾਨੇ ’ਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ। ਤਲਾਸ਼ੀ ਮੁਹਿੰਮ ਦੌਰਾਨ ਬਚਾਅ ਕਰਮੀਆਂ ਨੂੰ 16 ਮਈ ਨੂੰ ਐਮਾਜ਼ੌਨ ਦੇ ਸੰਘਣੇ ਜੰਗਲਾਂ ’ਚ ਜਹਾਜ਼ ਦਾ ਮਲਬਾ ਮਿਲਿਆ ਸੀ। ਮਲਬੇ ਵਿੱਚੋਂ ਜਹਾਜ਼ ’ਚ ਸਵਾਰ ਪਾਇਲਟ ਅਤੇ ਦੋ ਹੋਰ ਬਾਲਗਾਂ ਦੀਆਂ ਲਾਸ਼ਾਂ ਵੀ ਬਰਾਮਦ ਹੋਈਆਂ ਸਨ, ਪਰ ਇਸ ’ਚ ਸਵਾਰ ਚਾਰ ਬੱਚਿਆਂ ਦਾ ਪਤਾ ਨਹੀਂ ਸੀ ਲਗਾਇਆ ਜਾ ਸਕਿਆ।ਉਸ ਤੋਂ ਬਾਅਦ, ਕੋਲੰਬੀਆ ਦੀ ਫ਼ੌਜ ਨੇ 4,9, 11 ਅਤੇ 13 ਸਾਲ ਦੇ ਬੱਚਿਆਂ ਦੀ ਭਾਲ ਲਈ 150 ਸੈਨਿਕਾਂ ਨੂੰ ਖੋਜੀ ਕੁੱਤਿਆਂ ਨਾਲ ਜੰਗਲ ’ਚ ਭੇਜਿਆ। ਕਬਾਇਲੀ ਭਾਈਚਾਰਿਆਂ ਦੇ ਦਰਜਨਾਂ ਮੈਂਬਰਾਂ ਨੇ ਵੀ ਤਲਾਸ਼ੀ ਮੁਹਿੰਮ ’ਚ ਸਹਿਯੋਗ ਦਿੱਤਾ। ਫ਼ੌਜ ਨੇ ਟਵਿਟਰ ’ਤੇ ਕੁੱਝ ਤਸਵੀਰਾਂ ਸ਼ੇਅਰ ਕੀਤੀਆਂ ਜਿਨ੍ਹਾਂ ’ਚ ਕੰਬਲ ਲੈ ਕੇ ਬੈਠੇ ਇਹ ਬੱਚੇ ਫ਼ੌਜੀਆਂ ਅਤੇ ਕਬਾਇਲੀ ਵੌਲੰਟੀਅਰਾਂ ਨਾਲ ਨਜ਼ਰ ਆ ਰਹੇ ਹਨ। ਇੱਕ ਤਸਵੀਰ ’ਚ ਇੱਕ ਸਿਪਾਹੀ ਇਨ੍ਹਾਂ ਵਿੱਚੋਂ ਸਭ ਤੋਂ ਛੋਟੇ ਬੱਚੇ ਨੂੰ ਬੋਤਲ ਨਾਲ ਦੁੱਧ ਪਿਲਾਉਂਦਾ ਨਜ਼ਰ ਆ ਰਿਹਾ ਹੈ।



ਬਾਅਦ ’ਚ ਹਵਾਈ ਸੈਨਾ ਨੇ ਇੱਕ ਵੀਡੀਓ ਟਵੀਟ ਕੀਤੀ ਜਿਸ ’ਚ ਸੈਨਿਕ ਬੱਚਿਆਂ ਨੂੰ ਹੈਲੀਕੌਪਟਰ ’ਚ ਚੜ੍ਹਾਉਂਦੇ ਹੋਏ ਦਿਖਾਈ ਦੇ ਰਹੇ ਹਨ। ਇਸ ’ਚ ਲਿਖਿਆ ਕਿ ਹੈਲੀਕੌਪਟਰ ਬੱਚਿਆਂ ਨੂੰ ਲੈ ਕੇ ਸੈਨ ਜੋਸ ਡੇਲ ਗੁਆਵੀਆਰ ਲਈ ਰਵਾਨਾ ਹੋਇਆ। ਸਰਚ ਔਪਰੇਸ਼ਨ ਦੌਰਾਨ ਫ਼ੌਜ ਨੇ ਇਸ ਉਮੀਦ ’ਚ ਜੰਗਲਾਂ ’ਚ ਵੱਖ-ਵੱਖ ਥਾਵਾਂ ’ਤੇ ਖਾਣੇ ਦੇ ਪੈਕੇਟ ਸੁੱਟੇ ਸਨ ਕਿ ਇਹ ਬੱਚੇ ਭੋਜਨ ਕਰ ਸਕਣਗੇ ਅਤੇ ਇਨ੍ਹਾਂ ਨੂੰ ਜਿਊਂਦੇ ਰਹਿਣ ’ਚ ਮਦਦ ਮਿਲੇਗੀ।

ਇੰਨਾ ਹੀ ਨਹੀਂ, ਫ਼ੌਜੀਆਂ ਨੇ ਚਾਰ ਬੱਚਿਆਂ ਦੀ ਦਾਦੀ ਵਲੋਂ ਰਿਕਾਰਡ ਕੀਤਾ ਸੰਦੇਸ਼ ਚਲਾਉਂਦੇ ਸਨ ਜਿਸ ’ਚ ਉਨ੍ਹਾਂ ਨੇ ਉਨ੍ਹਾਂ ਨੂੰ ਇਕੱਠੇ ਰਹਿਣ ਅਤੇ ਹਿੰਮਤ ਨਾ ਹਾਰਨ ਲਈ ਕਿਹਾ ਜਾ ਰਿਹਾ ਸੀ। ਤਲਾਸ਼ੀ ਮੁਹਿੰਮ ਦੌਰਾਨ, ਬਚਾਅ ਕਰਮੀਆਂ ਨੂੰ ਜੰਗਲ ’ਚ ਛੋਟੇ-ਛੋਟੇ ਸੁਰਾਗ਼ ਜਿਵੇਂ ਕਿ ਬੱਚਿਆਂ ਦੇ ਪੈਰਾਂ ਦੇ ਨਿਸ਼ਾਨ, ਦੁੱਧ ਦੀ ਇੱਕ ਬੋਤਲ, ਡਾਇਪਰ ਅਤੇ ਫ਼ਲਾਂ ਦੇ ਟੁੱਕੜੇ ਮਿਲੇ, ਜਿਸ ਕਾਰਨ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਕਿ ਬੱਚੇ ਅਜੇ ਵੀ ਜ਼ਿੰਦਾ ਹਨ। ਪੈਟਰੋ ਨੇ ਕਿਹਾ, “ਜੰਗਲ ਨੇ ਉਨ੍ਹਾਂ (ਬੱਚਿਆਂ) ਨੂੰ ਬਚਾਇਆ। ਉਹ ਜੰਗਲ ਦੇ ਬੱਚੇ ਹਨ ਅਤੇ ਹੁਣ ਉਹ ਸਾਰੇ ਕੋਲੰਬੀਆ ਦੇ ਵੀ ਬੱਚੇ ਹਨ।”

# 370 ਦਿਨਾਂ ’ਚ 8,700 ਕਿਲੋਮੀਟਰ ਪੈਦਲ ਤੁਰ ਕੇ ਪਹੁੰਚਿਆ ਮੱਕਾ

ਮਲਪੁਰਮ: ਕੇਰਲ ਦੇ ਸ਼ਿਹਾਬ ਛੋਟੂਰ ਨੇ ਆਪਣੇ ਨਾਮ ਇੱਕ ਅਨੋਖਾ ਰਿਕਾਰਡ ਕਾਇਮ ਕਰ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਕੇਰਲ ਦੇ ਮਲਪੁਰਮ ਜ਼ਿਲ੍ਹੇ ਦੇ ਵੇਲੰਚੇਰੀ ’ਚ ਰਹਿਣ ਵਾਲੇ ਸ਼ਿਹਾਬ ਆਸਥਾ ਲਈ ਵੱਡੀ ਮਿਸਾਲ ਪੇਸ਼ ਕਰਦੇ ਹੋਏ 370 ਦਿਨਾਂ ’ਚ 8,600 ਕਿਲੋਮੀਟਰ ਪੈਦਲ ਤੁਰ ਕੇ ਮੱਕਾ ਪਹੁੰਚੇ। ਸ਼ਿਹਾਬ ਨੇ ਇਸ ਲਈ ਭਾਰਤ ਤੋਂ ਪਾਕਿਸਤਾਨ ਦੇ ਰਸਤੇ ਇਰਾਨ, ਇਰਾਕ, ਕੁਵੈਤ ਅਤੇ ਆਖ਼ਿਰ ’ਚ ਉਹ ਪਵਿੱਤਰ ਸ਼ਹਿਰ ਸਾਊਦੀ ਅਰਬ ਪਹੁੰਚੇ। ਸ਼ਿਹਾਬ ਨੇ ਦੱਸਿਆ ਕਿ ਇਹ ਯਾਤਰਾ ਉਨ੍ਹਾਂ ਲਈ ਸੌਖੀ ਨਹੀਂ ਸੀ। ਉਨ੍ਹਾਂ ਦੱਸਿਆ ਕਿ ਜਦੋਂ ਉਹ ਕੇਰਲ ਤੋਂ ਵਾਹਘਾ-ਅਟਾਰੀ ਬੌਰਡਰ ’ਤੇ ਪਹੁੰਚੇ ਤਾਂ ਉਨ੍ਹਾਂ ਕੋਲ ਪਾਕਿਸਤਾਨ ’ਚ ਐਂਟਰੀ ਲਈ ਵੀਜ਼ਾ ਨਹੀਂ ਸੀ, ਸੋ ਅਜਿਹੇ ’ਚ ਉਨ੍ਹਾਂ ਨੇ ਟਰਾਂਜਿਟ ਵੀਜ਼ੇ ਲਈ ਅਪਲਾਈ ਕੀਤਾ ਅਤੇ ਇਸ ਪੂਰੀ ਪ੍ਰਕਿਰਿਆ ’ਚ ਉਨ੍ਹਾਂ ਦੇ ਕਈ ਮਹੀਨੇ ਲੱਗ ਗਏ। ਉਨ੍ਹਾਂ ਕਿਹਾ ਕਿ ਇਸ ਦੌਰਾਨ ਉਹ ਵਾਹਘਾ ਸਰਹੱਦ ’ਚ ਹੀ ਬਣੇ ਇੱਕ ਸਕੂਲ ’ਚ ਰਹਿ ਰਹੇ ਸੀ। ਬਾਅਦ ’ਚ ਜਦੋਂ ਉਨ੍ਹਾਂ ਨੂੰ ਪਾਕਿਸਤਾਨ ਦੇ ਟਰਾਂਜਿਟ ਵੀਜ਼ੇ ਲਈ ਮਨਜ਼ੂਰੀ ਮਿਲੀ ਫ਼ਿਰ ਉਨ੍ਹਾਂ ਨੇ ਆਪਣੀ ਯਾਤਰਾ ਮੁੜ ਸ਼ੁਰੂ ਕੀਤੀ।



ਜ਼ਿਕਰਯੋਗ ਹੈ ਕਿ ਫ਼ਰਵਰੀ 2023 ’ਚ ਉਨ੍ਹਾਂ ਨੂੰ ਪਾਕਿਸਤਾਨ ਨੇ ਵੀਜ਼ਾ ਦਿੱਤਾ ਅਤੇ ਸਿਰਫ਼ ਚਾਰ ਮਹੀਨਿਆਂ ’ਚ ਹੀ ਉਹ ਮੱਕਾ ਪਹੁੰਚ ਗਏ। ਉੱਥੇ ਹੀ ਉਨ੍ਹਾਂ ਨੇ ਦੱਸਿਆ ਕਿ ਸਾਊਦੀ ਅਰਬ ’ਚ ਪ੍ਰਵੇਸ਼ ਕਰਨ ਤੋਂ ਬਾਅਦ ਸਭ ਤੋਂ ਪਹਿਲਾਂ ਉਹ ਮਦੀਨਾ ਪਹੁੰਚੇ ਜਿੱਥੇ ਉਨ੍ਹਾਂ ਨੇ ਮੱਕਾ ਜਾਣ ਤੋਂ ਪਹਿਲਾਂ 21 ਦਿਨ ਬਿਤਾਏ। ਸ਼ਿਹਾਬ ਨੇ ਮਦੀਨਾ ਅਤੇ ਮੱਕਾ ਦਰਮਿਆਨ ਦੀ 440 ਕਿਲੋਮੀਟਰ ਦੀ ਦੂਰੀ ਨੌਂ ਦਿਨਾਂ ’ਚ ਤੈਅ ਕੀਤੀ। ਉੱਥੇ ਹੀ ਹੁਣ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਪਣੀ ਮਾਂ ਜੈਨਬਾ ਦੇ ਕੇਰਲ ਤੋਂ ਮੱਕਾ ਆਉਣ ਤੋਂ ਬਾਅਦ ਹੱਜ ਯਾਤਰਾ ਕਰਨਗੇ। ਸ਼ਿਹਾਬ ਆਪਣਾ ਖ਼ੁਦ ਦਾ ਯੂ-ਟਿਊਬ ਚੈਨਲ ਚਲਾਉਂਦੇਹਨ ਅਤੇ ਆਪਣੀ ਇਸ ਅਦਭੁੱਤ ਯਾਤਰਾ ਦੀ ਆਪਣੇ ਚੈਨਲ ’ਤੇ ਵੀ ਜਾਣਕਾਰੀ ਦਿੰਦੇ ਰਹੇ।